੧ੴ ਸਤਿਗੁਰ ਪ੍ਰਸਾਦਿ

ਭਾਈ ਝੰਡਾ ਜੀਓ

ਭਾਈ ਭੂਮੀਆਂ

ਅਤੇ ਕਲਿਜੁਗ ਦੀ ਸਾਖੀ

ਲੇਖਕ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

ਛਪਾਈ ਦਾ ਵੇਰਵਾ

ਭਾਈ ਝੰਡਾ ਜੀਓ

ਇਹ ਪ੍ਰਸੰਗ ਗੁਰਪੁਰਬ ਪੁਨੰਮ ਸੰ.ਗੁ.ਨਾ.ਸਾ.੪੬੨ ਕੱਤਕ ਦੀ ੨੧, ੧੯੩੦ ਬਿ. ਵੀਰਵਾਰ (6 ਨਵੰਬਰ, 1930) ਨੂੰ ਖਾਲਸਾ ਟ੍ਰੈਕਟ ਸੋਸਾਇਟੀ ਵਲੋਂ ਪ੍ਰਕਾਸ਼ਿਆ ਗਿਆ ਸੀ ਅਤੇ ਉਸ ਤੋਂ ਬਾਅਦ ਪਹਿਲੀ ਵਾਰ ਅਕਤੂਬਰ, 2007

ਭਾਈ ਭੂਮੀਆਂ

ਇਹ ਪ੍ਰਸੰਗ ਗੁਰਪੁਰਬ ਪੁਨੰਮ ਸੰ.ਗੁ.ਨਾ.ਸਾ.੪੬੮ ਮੱਘਰ ਦੀ ੧੪, ੧੯੯੩ ਬਿ. ਸ਼ਨੀਵਾਰ (28 ਨਵੰਬਰ, 1936) ਨੂੰ ਖਾਲਸਾ ਟ੍ਰੈਕਟ ਸੋਸਾਇਟੀ ਵਲੋਂ ਪ੍ਰਕਾਸ਼ਿਆ ਗਿਆ ਸੀ ਅਤੇ ਉਸ ਤੋਂ ਬਾਅਦ ਪਹਿਲੀ ਵਾਰ ਅਕਤੂਬਰ, 2000
ਦੂਜੀ ਵਾਰ ਅਕਤੂਬਰ, 2007

Bhai Jhanda Jio, Bhai Bhumia & Kaljug di Sakhi

Bhai Vir Singh

ISBN/# 978-93-80854-14-4

ਨਵੀਂ ਐਡੀਸ਼ਨ ਜੁਲਾਈ, 2011

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

Printer
Printograph
2966/41, Beadon Pura
Karol Bagh, New Delhi-110 005

ਮੁੱਲ : 35/- ਰੁਪਏ

ਭਾਈ ਝੰਡਾ ਜੀਓ*

੧.

ਸਵੇਰਾਂ ਹੋ ਗਈਆ ਹਨ, ਸਮੁੰਦਰ ਵਲੋਂ ਠੰਢੀ ਠੰਢੀ ਹਵਾ ਆ ਰਹੀ ਹੈ, ਝੰਡਾ ਅੱਖਾਂ ਨੂਟੀ ਬੈਠਾ ਹੈ, ਸਾਹ ਬੀ ਧੀਮੇ ਤੇ ਬੱਝਵੇਂ ਆ ਰਹੇ ਹਨ, ਪਰ ਕਿਸੇ ਕਿਸੇ ਵੇਲੇ 'ਉਫ਼' ਦੀ ਅਵਾਜ਼ ਆਕੇ ਨੈਣ ਖੁੱਲ੍ਹਦੇ ਹਨ, ਇਧਰ ਉਧਰ ਤੱਕਦਾ ਹੈ, ਫਿਰ ਆਸਨ ਟਿਕਾ ਕੇ ਨੈਣ ਬੰਦ ਕਰਦਾ ਤੇ ਸਾਹ ਲੰਮਾ ਕਰਕੇ ਲੈਂਦਾ ਹੈ, ਕੁਛ ਅੰਦਰ ਨੂੰ ਰੋਕਦਾ ਤੇ ਫੇਰ ਸਹਿਜ ਨਾਲ ਸਾਹ ਬਾਹਰ ਕੱਢਦਾ ਹੈ, ਐਉਂ ਕਰਦਾ ਕਰਦਾ ਫੇਰ ਟਿਕ ਜਾਂਦਾ ਹੈ, ਪਰ ਕੁਛ ਚਿਰ ਮਗਰੋਂ ਫੇਰ 'ਉਫ਼' ਜਿਹੀ ਅਵਾਜ਼ ਕਰਕੇ, ਅੱਖਾਂ ਖੋਹਲਕੇ ਚੁਫੇਰੇ ਤੱਕਦਾ, ਮੱਥੇ ਤੇ ਹੱਥ ਫੇਰਦਾ ਹੈ। ਇਵੇਂ ਹੀ ਕਰਦੇ ਨੂੰ ਕਿੰਨਾ ਚਿਰ ਬੀਤਿਆ। ਸੂਰਜ ਉੱਚਾ ਹੋ ਆਇਆ, ਝੰਡਾ ਉੱਠਿਆ। ਇੰਨੇ ਨੂੰ ਬੂਹਾ ਖੜਕਿਆ; ਝੰਡੇ ਖੋਹਲਿਆ। ਇਕ ਜੁਆਨ ਗੱਭਰੂ ਸੁਹਣੀ ਨੁਹਾਰ ਤੇ ਰਾਜਸੀ ਸੁਨੱ੍ਪਣ ਵਾਲਾ, ਕੱਪੜੇ ਬੀ ਜ਼ਰਾ ਸੁਥਰੇ ਤੇ ਵਧੀਆ ਪਹਿਨੇ ਹੋਏ, ਅੰਦਰ ਆਇਆ।

ਝੰਡਾ— ਆਉ ਮਿੱਤਰ ਪਿਆਰੇ! ਜੀਉ ਆਏ, ਸਦਕੇ ਆਏ।

ਇੰਦਰ ਸੈਣ— ਕਹੁ ਸੱਜਣਾਂ, ਕਿਵੇਂ ਬੀਤ ਰਹੀ ਹੈ?

ਝੰਡਾ— ਚੰਗੀ! ਜਗਤ ਖੁਸ਼ੀਆਂ ਵਿਚ ਹੈ ਤੇ ਸਾਡੇ ਅੰਦਰ ਨੇਹੁੰ ਤੇ ਨੇਹੁੰ ਦੀ ਪੀੜ ਹੈ, ਜੁਗ ਜੁਗ ਜੀਵੇ ਸਾਡੀ ਇਹ ਪੀੜ। ਜੇ ਸਾਡੇ ਅੰਦਰ ਰੰਗ ਨਹੀਂ ਲੱਗਣਾ ਤਾਂ ਪੀੜ ਹੀ ਜੀਵੇ।

ਇੰਦਰ ਸੈਣ— ਸੱਚ ਕਿਹਾ ਹੈ ਨੇ, ਲੋਚਾ ਲੱਗੀ ਰਹੇ, ਲੋਚਾ ਨਾਲ ਜਗਜਾਸੂ ਤਾਂ ਹਾਂ ਹੀ ਨਾ।

---

* ਇਹ ਪ੍ਰਸੰਗ ਗੁਰਪੁਰਬ ਪੁਨੰਮ ਸੰ.ਗੁ.ਨਾ.ਸਾ.੪੬੨ ਕਤੱਕ ਦੀ ੨੧ ਵੀਰਵਾਰ, ੬ ਨਵੰਬਰ, ੧੯੩੦ ਸੰ ੧੯੮੭ ਬਿ. ਨੂੰ ਖਾ. ਟ੍ਰੈਕਟ ਸੁ ਵਲੋਂ ਪ੍ਰਕਾਸ਼ਿਆ ਗਿਆ ਸੀ।

ਝੰਡਾ— ਤਰਲਾ ਤਾਂ ਬਣਿਆਂ ਰਹਿੰਦਾ ਹੈ ਨਾ, ਜੇ ਲੋਚਾ ਅੰਦਰ ਨਾ ਹੋਵੇ ਤਾਂ ਤਰਲਾ ਬੀ ਮਰ ਜਾਂਦਾ ਹੈ। ਫੇਰ ਜਗਤ— ਜੀਵਾਂ ਵਾਂਗੂੰ ਆਸਾ ਤ੍ਰਿਸ਼ਨਾਂ ਦੀਆਂ ਲੋੜਾਂ ਵਿਚ ਆਪਾ ਗੁਆਚ ਜਾਂਦਾ ਹੈ, ਜੀਵ ਫੇਰ ਉਹਨਾਂ ਦਾ ਹੀ ਰੂਪ ਹੋਕੇ ਦਸੋ ਦਿਸ਼ਾ ਧਾਉਂਦਾ ਰਹਿੰਦਾ ਹੈ, ਪਰ ਜੇ ਅੰਦਰ ਲੋਚਾ ਲੱਗੀ ਰਹੇ, ਤਰਲਾ ਬਣਿਆ ਰਹੇ, ਤਦ ਐਤਨਾ ਤਾਂ ਦਿੱਸਦਾ ਰਹਿੰਦਾ ਹੈ ਕਿ ਆਹ ਮੈਂ ਹਾਂ ਤਰਲੇ ਲੈਣਹਾਰ ਤੇ ਆਹ ਮੇਰੇ ਮਨ ਦੇ ਤੂੰਗ ਹਨ ਜੋ ਭਜਾਈ ਫਿਰਦੇ ਹਨ, ਪਰ ਦੱਸ ਸੱਜਣਾ! ਤੂੰ ਕਿਹਾ ਕਰਦਾ ਹੈਂ: ਸਮਾਂ ਨੇੜੇ ਹੈ, ਹੈ ਨੇੜੇ? ਆਪਣੇ ਤਰਲੇ ਨਾਲ ਗੁਆਚ ਜਾਣੋਂ ਤਾਂ ਬਚੇ ਹਾਂ ਪਰ ਸੋਝੀ ਨਹੀਓਂ ਪੈਂਦੀ।

ਇੰਦਰਸੈਣ— (ਮੁਸਕ੍ਰਾਕੇ) ਸਮਾਂ ਪੁੱਗਾ ਖੜਾ ਹੈ, ਇਹੋ ਭਾਸਦਾ ਹੈ, ਇਹੋ ਦਿਲ ਸ਼ਾਹਦੀ ਦਿੰਦਾ ਹੈ, ਹੁਣ ਹੋਰ ਬੀ ਲੱਛਣ ਆਣ ਢੁੱਕੇ ਹਨ, ਜਿਵੇਂ ਬਰਖਾ ਤੋਂ ਪਹਿਲੇ ਹੁੱਸੜ ਪੈਂਦਾ ਹੈ ਤਿਵੇਂ ਹੁਣ ਬਨਾਵਟੀ ਸਾਧ ਆ ਰਹੇ ਹਨ, ਕੀ ਜਾਣੀਏ ਸੱਚੇ ਦੇ ਆਉਣ ਦੇ ਏਹ ਲੱਛਣ ਹੋਨ।

ਝੰਡਾ— ਹੱਛਾ, ਉਹ ਕਿਵੇਂ ਹੋਈ ਮੰਤ੍ਰੀ ਦੀ ਗੱਲ ਬਾਤ, ਹੈਂ?

ਇੰਦਰਸੈਣ— ਹਾਂ, ਉਹੋ ਗੱਲ, ਮੰਤ੍ਰੀ ਦੇ ਘਰ ਪੁਤ੍ਰ ਹੋ ਪਿਆ ਹੈ, ਉਸ ਸ਼ਾਕਤਕ ਜੋਗੀ ਦਾ ਫੜ ਹੋਰ ਟੁਰ ਪਿਆ ਹੈ। ਮੰਤ੍ਰੀ ਚੰਗਾ ਭਲਾ ਸਿਆਣਾ ਹੈ, ਪਰ ਕੁਰਾਹੇ ਪਈਆਂ ਤ੍ਰੀਮਤਾਂ ਮੱਤ ਮਾਰ ਛੋੜਦੀਆਂ ਹਨ। ਉਹਦੀ ਨਾਰ ਆਖਦੀ ਹੈ ਕਿ ਇਹ ਸਾਧ ਹੈ, ਜੋਗੀ ਹੈ, ਇਸ ਦਾ ਮਤ ਧਾਰਨ ਕਰੋ, ਜਿਸ ਦੀ ਸੁਆਹ ਦੀ ਚੂੰਢੀ ਨਾਲ ਪੁਤ੍ਰ ਹੋ ਪਿਆ ਹੈ। ਮੰਤ੍ਰੀ ਵੀ ਮਗਰ ਲਗ ਟੁਰਿਆ ਹੈ, ਰਾਜਾ ਨੂੰ ਬੀ ਪ੍ਰੇਰਦਾ ਹੈ। ਪਰ ਰਾਜਾ ਜੀ ਤੇ ਕੁਛ ਪੁੰਹਦਾ ਪਾਂਹਦਾ ਨਹੀਂ, ਓਹ ਸਾਰੀ ਗੱਲ ਮੇਰੇ ਨਾਲ ਵਰਤਦੇ ਹਨ ਤੇ ਮੈਂ ਜਦ ਆਖਦਾ ਹਾਂ ਇਹ ਨਾਟਕੀ ਲੋਕ ਹਨ ਜਿਨ੍ਹਾਂ ਨੂੰ ਭਗਵੰਤ ਦੇ ਰਸਤੇ ਦੀ ਕਾਈ ਸੋਝੀ ਨਹੀਂ, ਤਾਂ ਉਨ੍ਹਾਂ ਦੀ ਨਿਸ਼ਾ ਖਾਤਰ ਹੋ ਜਾਂਦੀ ਹੈ। ਕੱਲ ਤਾਂ ਮੈਂ ਮੰਤ੍ਰੀ ਨੂੰ ਬੀ ਝਾੜਿਆ ਸੀ ਤੇ ਕਿਹਾ ਸੀ ਕਿ ਕਿਉਂ ਜਨਮ ਬਿਰਥਾ ਗੁਆਉਂਦੇ ਹੋ, ਗਿਆਨ ਧਿਆਨ ਦੇ ਰਸਤੇ ਟੁਰੋ, ਚੇਟਕੀ ਫਕੀਰਾਂ ਤੇ ਲੋਭੀ ਜੋਗੀਆਂ ਦੇ ਅੰਦਰ ਗਿਆਨ ਦੀ ਸੋਝੀ ਨਹੀਂ ਹੁੰਦੀ, ਓਹ ਮਾਇਆ ਜਾਲ ਵਿਚ ਹੀ ਖੇਡਾਂ ਖੇਡਦੇ ਹਨ ਤੇ ਰੱਬੀ ਰੰਗ ਉਨ੍ਹਾਂ ਨੇ ਉਤੋਂ ਮਾਂਗਵੇਂ ਖੰਭ ਲਾਏ ਹੋਏ ਹੁੰਦੇ ਹਨ। ਮੰਤ੍ਰੀ ਮੱਨ ਤਾਂ ਜਾਂਦਾ ਹੈ, ਪਰ ਤ੍ਰਿਯਾਜਾਲ ਵਿਚ ਮੁੜ ਮੁੜ ਫਸਦਾ ਹੈ। ਪਿਆਰੇ ਮਿੱਤ੍ਰ ਜੀ! ਇਸਤ੍ਰੀ ਮਨੁੱਖ ਦਾ ਸਾਥੀ ਹੈ, ਮਿਤ੍ਰ ਬੀ ਤਕੜਾ ਹੈ, ਪਰ ਜੇ ਕਦੇ ਪੁੱਠੇ ਰਾਹੇ ਪੈ ਜਾਵੇ ਤੇ ਪਤੀ ਦੀ ਮੱਤ ਮਾਰਨੀ ਚਾਹੇ ਤਾਂ ਫਿਰ ਇਸ ਜਿਹਾ ਕੁਰਾਹੇ ਪਾਉਣ ਵਾਲਾ ਬੀ ਹੋਰ ਕੋਈ ਨਹੀਂ।

ਝੰਡਾ— ਸੱਚ ਕਿਹਾ ਨੇ, ਪਰਮਾਤਮਾ ਦੀ ਪ੍ਰਾਪਤੀ ਦੇ ਨਿਰੋਲ ਢੂੰਡਾਊ ਹੋਣਾ, ਆਪੇ ਨੂੰ ਨਿਰਮਲ ਕਰਨਾ ਤੇ ਗਿਆਨ ਵਿਚ ਆਉਣਾ ਇਹ ਸੋਧ ਕਿਸੇ ਵਿਰਲੇ ਬੰਦੇ ਦੀ ਹੀ ਬੱਝਦੀ ਹੈ। ਸਰੀਰਕ ਲੋੜਾਂ ਤੇ ਮਨ ਦੀਆਂ ਕਾਮਨਾਂ ਦੇ ਬੱਧੇ ਲੋਕੀਂ

ਭਲੇ ਪਾਸੇ ਲੱਗਦੇ ਹਨ, ਜਿੱਥੇ ਰਤਾ ਕੁ ਬੀ ਮੁਰਾਦ ਪੁਗਦੀ ਦਾ ਭਰਮ ਪਵੇ ਉੱਤੇ ਹੀ ਢਹਿ ਪੈਂਦੇ ਹਨ। ਕੌਣ ਹੈ ਜੋ ਆਪਣੀ ਸੇਧ ਤੋਂ ਨਾ ਉੱਕੇ? ਸਰੀਰ ਨੂੰ ਪਰਾਲਬਧ ਤੇ ਛੱਡੇ, ਮਨ ਨੂੰ ਨੱਥਕੇ ਟੁਰੇ ਤੇ ਸਚ ਦੀ ਭਾਲ ਕਰੇ? ਬੜਾ ਔਖਾ ਰਾਹ ਹੈ।

ਇੰਦਰ ਸੈਣ— ਇਹ ਪਹਿਲੀ ਔਖੀ ਘਾਟੀ ਹੈ। ਸਾਧ ਫ਼ਕੀਰ ਭੀ ਹੁਣ ਜੋ ਆਮ ਮਿਲਦੇ ਹਨ, ਮਨੁੱਖ ਦੀ ਲੋੜ ਦੇ ਜਾਣੂੰ ਹਨ। ਲੋੜਾਂ ਪੂਰੀਆਂ ਕਰਨ ਦੇ ਦਾਵੇ ਬੰਨ੍ਹਕੇ, ਅਨੇਕ ਜਾਲ ਤਾਣਕੇ ਜੀਵਾਂ ਨੂੰ ਫਸਾ ਕੇ ਆਪਣੇ ਆਰਾਮ ਤੇ ਸੁਖ ਦੇ ਰਸਤੇ ਕੱਢ ਲੈਂਦੇ ਹਨ। ਉਹ ਕੌਣ ਹੋਵੇ ਜੋ ਆਤਮਾ ਦਾ ਜਾਣੂੰ ਹੋ ਕੇ ਬੇਲੋੜ ਹੋਵੇ ਆਪਣੀਆਂ ਲੋੜਾਂ ਤੋਂ, ਤੇ ਫੇਰ ਲੋੜ ਰੱਖੇ ਅਸਾਂ ਮੂਰਖਾਂ ਨੂੰ ਪਾਰ ਉਤਾਰਨ ਦੀ, ਆਏ ਜਗਿਆਸੂ ਨੂੰ ਸੱਚ ਦੇ ਰਸਤੇ ਪਾ ਦੇਵੇ।

ਝੰਡਾ— ਸੱਜਣਾਂ! ਸੱਚ ਦੇ ਪਰਖਣ ਵਾਲੇ ਥੁਹੜੇ, ਸੱਚ ਦੇ ਮਗਰ ਲੱਗਣ ਵਾਲੇ ਥੁਹੜੇ, ਸੱਚ ਨੰਗਾ, ਨਿਧੜਕ ਤੇ ਖੁਰਦਰਾ ਕਿਸ ਨੂੰ ਭਾਵੇ? ਸੱਚ ਜਾਣੋਂ, ਮੈ ਤਾਂ ਫਿਰ ਫਿਰਕੇ ਤੱਕਿਆ ਹੈ, ਜਿੱਥੇ ਬਹੁਤੀਆਂ ਭੀੜਾਂ ਕਿਸੇ ਦੇ ਮਗਰ ਹਨ ਉਥੇ ਬਨਾਉਟ ਦਾ ਹਿੱਸਾ ਬਾਹਲਾ ਹੁੰਦਾ ਹੈ, ਇਸ ਕਰਕੇ ਮੈਂ ਤਾਂ ਹਾਂਡ ਛੱਡ ਦਿੱਤੀ ਹੈ। ਇਕ ਤੂੰ ਸੱਚ ਦਾ ਪਿਆਰਾ ਤੇ ਸੱਚ ਦਾ ਢੂੰਡਾਊ ਬੇਲੀ ਮਿਲਿਆ ਹੈਂ, ਤੇਰੇ ਨਾਲ ਸਤਿਸੰਗ ਕਰ ਲਈਦਾ ਹੈ। ਬਾਕੀ ਪ੍ਰਾਰਥਨਾ ਕਰੀਦੀ ਹੈ ਤੇ ਆਸ ਰੱਖੀਦੀ ਹੈ, ਦਿਆਲ ਹੋਵੇਗਾ ਤਾਂ ਆਪੇ ਦੇਵੇਗਾ'।

ਇੰਦਰ ਸੈਣ— ਭਾਈ! ਜੋ ਜੋ ਕੁਛ ਪੜ੍ਹੀਏ ਤੇ ਫੇਰ ਵਿਚਾਰੀਏ ਤੇ ਉਸ ਪੁਰ ਟੁਰੀਏ ਤਾਂ ਆਪਾ ਗੁਆਚਣੋਂ ਤਾਂ ਬਚ ਰਹਿੰਦਾ ਹੈ, ਨਾ ਸਹੀ ਪਾਰ ਉਤਾਰਾ, ਬੰਦਾ ਡੁਬਦਾ ਤਾਂ ਨਹੀਂ। ਇਹ ਜਿਹੜਾ ਪੜ੍ਹ ਗੁੜ੍ਹ, ਸਮਝ ਬੁੱਝ ਕੇ ਫੇਰ ਮਨ ਦੀਆਂ ਆਸਾਂ ਤ੍ਰਿਸ਼ਨਾਂ ਦੇ ਮਗਰ ਉੱਠ ਭੱਜਣਾ ਹੈ, ਵਿਸ਼ੇ ਵਿਕਾਰਾਂ ਦੇ ਹੱਥ ਵਿਕੇ ਰਹਿਣਾ ਹੈ, ਇਹ ਤਾਂ ਮਨੁੱਖ ਹੋਕੇ ਬੈਲ ਦਾ ਜੀਵਨ ਹੈ, ਵਿਕਾਰਾਂ ਦੇ ਹੱਥ ਰੱਸੀ ਹੈ ਤੇ ਸਾਡੇ ਮਨ ਨੂੰ ਨੱਥ ਪਈ ਹੈ।

ਝੰਡਾ— ਸੱਚ ਹੈ, ਪਹਿਲਾ ਕੰਮ ਤਾਂ ਹੈ ਮਨ ਨੂੰ ਤੱਕਣਾ, ਫੇਰ ਮਨ ਨੂੰ ਵਰਜਣਾ, ਸਰੀਰ ਨੂੰ ਥੰਮ੍ਹ ਥੰਮ੍ਹ ਕੇ ਰੱਖਣਾ ਤੇ ਜੋ ਸਮਝ ਆਇਆ ਹੈ ਉਸ ਉਤੇ ਪਹਿਰਾ ਦੇਣਾ ਹੈ, ਐਉਂ ਨੱਕ ਦੀ ਸੇਧੇ ਟੁਰਿਆ ਚੱਲੇ।

ਇੰਦਰਸੈਣ— ਸੱਚ ਹੈ, ਪਹਿਲਾ ਕੰਮ ਜੀਵ ਦਾ ਹੈ ਮਨੁੱਖ ਬਣਨੇ ਦਾ। ਅਸੀਂ ਸਾਰੇ ਪਸ਼ੂ ਹਾਂ, ਜਿਵੇਂ ਭਰਥਰੀ ਨੇ ਸਿੰਗ ਪੂਛ ਬਿਨਾਂ ਆਦਮੀ ਬੀ ਇਕ ਪਸ਼ੂ ਹੀ ਦੱਸੇ ਹਨ। ਕਰੀਏ ਬੀ ਕੀਹ! ਭੁੱਖ, ਤ੍ਰੇਹ ਆਦਿ ਸਾਰੀਆਂ ਲੋੜਾਂ ਪਸ਼ੂਆਂ ਵਾਂਙੂੰ ਹੀ ਹਨ ਪਸ਼ੂ-ਬ੍ਰਿਤੀ ਮੁੜ ਮੁੜ ਅੰਦਰੋਂ ਪੁੰਗਰਦੀ ਹੈ, ਸਾਧ ਫਕੀਰ ਪਸ਼ੂ-ਬ੍ਰਿਤੀ ਵਿਚ ਹਨ, ਪੜ੍ਹੇ ਲਿਖੇ ਗਿਆਨੀ ਧਿਆਨੀ ਪਸ਼ੂ ਬ੍ਰਿਤੀ ਨੇ ਕੀਲ ਰੱਖੇ ਹਨ, ਪਰ ਫੇਰ ਲੋਹੜਾ ਇਹ ਪੈਂਦਾ ਹੈ ਕਿ ਰਹਿਬਰੀਆਂ ਕਰਨ ਵਾਲੇ ਆਗੂ

ਪਹਿਲੋਂ ਪਸ਼ੂ ਬ੍ਰਿਤੀ ਦਾ ਮੂੰਹ ਮੋੜਨਾ ਨਹੀਂ ਸਿਖਾਲਦੇ। ਪਸ਼ੂ ਬ੍ਰਿਤੀ ਦਾ ਸੋਧਣ ਹੈ ਕਠਨ; ਖਰਾ ਕਠਨ। ਮਨੁਖ ਬੇ ਧਿਆਨੇ ਪਸ਼ੂ ਬ੍ਰਿਤੀ ਵਿਚ ਟੁਰਦਾ ਹੈ। ਆਪ ਨੂੰ ਮਨੁੱਖ ਕਦੇ ਖਿਆਲ ਕਰੇ ਤਾਂ ਕੁਛ ਫਿਕਰ ਪਵੇ। ਪਰ ਮਨੁੱਖ ਸਮਝਦਾ ਹੀ ਨਹੀਂ ਕਿ ਮੈਂ ਮਨੁੱਖ ਹਾਂ ਤੇ ਮਨੁੱਖ ਦੀ ਸ਼ੋਭਾ ਮਨੁਖਤਾਈ ਦੀ ਕਰਨੀ ਹੈ। ਮਨੁਖ ਦਾ ਮਨ ਜੋਖਣਾ ਜਾਣਦਾ ਹੈ, ਸੋ ਜ਼ੋਖੇ ਪੂਰਾ ਜੋਖੇ ਤਾਂ ਜੋਖ ਕੇ ਜਾਚੀ ਹੋਈ ਉਤੇ ਪਹਿਰਾ ਦੇਵੇ, ਫੇਰ ਵੇਖੇ ਕਿ ਮਨੁੱਖਪੁਣਾ ਕੀ ਹੈ, ਭਾਈ! ਫੇਰ ਅੱਗੇ ਟੁਰੇ।

ਝੰਡਾ— ਸੱਚ, ਪਹਿਲਾਂ ਬੰਦੇ ਦਾ ਕਰਮ ਸੰਵਰੇ, ਫੇਰ ਬੰਦਾ ਆਤਮ ਸੋਝੀ ਦੇ ਰਸਤੇ ਪਵੇ। ਕੁਸੰਗ ਬੁਰਾ, ਰਬ ਕੁਸੰਗ ਤੋਂ ਬਚਾਵੇ, ਇਹੋ ਡਾਢਾ ਦੁਖ ਹੈ। ਹਾਂ ਸੱਚੀ, ਇਕ ਗਲ ਕੰਨੇ ਪਈ ਹੈ ਕਿ ਦੇਸ਼ ਵਿਚ ਕੋਈ ਸਾਧੂ ਫਿਰ ਰਿਹਾ ਹੈ, ਜਿਸ ਦੀ ਪਛਾਣ ਨਹੀਂ ਹੁੰਦੀ ਕਿ ਹਿੰਦੂ ਹੈ ਕਿ ਮੁਸਲਮਾਨ। ਲੋਕੀ ਘਾਬਰਦੇ ਹਨ ਤੇ ਪਰੇ ਪਰੇ ਹੁੰਦੇ ਹਨ, ਨੇੜੇ ਨਹੀਂ ਕੋਈ ਜਾਂਦਾ। ਕਈ ਭਰਮਾਂ ਵਾਲੇ ਥਾਂਈਂ ਤਾਂ ਜਦ ਜਾ ਖੜੋਂਦੇ ਹਨ ਤਾਂ ਲੋਕੀਂ ਮਗਰੋਂ ਚਉਂਕਾ ਫੇਰਦੇ ਹਨ। (ਜਨਮ ਸਾਖੀ)

ਇੰਦਰਸੈਣ— ਮੁਸਕ੍ਰਾਇਆ ਤੇ ਫੇਰ ਅਕਾਸ਼ ਵਲ ਤੱਕ ਕੇ ਬੋਲਿਆ ਹਾਂ, ਸੁਣਿਆਂ ਤਾ ਮੈਂ ਬੀ ਹੈ, ਸ਼ੈਤ ਉਹੋ ਹੈ ਜਿਸਨੇ ਨੂਰਸ਼ਾਹ ਦਾ ਕੁਫ਼ਰਗੜ੍ਹ ਤੋੜਿਆ ਹੈ।

ਝੰਡਾ— ਹਛਾ! ... ਇਹ ਨਿਸ਼ਾਨੀ ਤਾਂ ਡਾਢੀ ਸੁਹਣੀ ਹੈ।

ਇੰਦਰ ਸੈਣ— ਦੇਖੋ! ਉਡੀਕੋ! ਗ਼ੈਬ ਦੇ ਪਰਦਿਆਂ ਵਿਚ ਸਾਂਈਂ ਜਾਣੇ ਕੀ ਕੀ ਹੈ ਤੇ ਸਾਡੇ ਲਈ ਕਿਹੜੀ ਵਸਤੂ ਉਥੇ ਹੈ, ਜੇ ਪਰਾਰਬਧ ਹੈ ਤਾਂ ਦਾਤੇ ਦਾ ਹੱਥ ਗ਼ੈਬ ਵਿਚੋਂ ਕੁਛ ਦੇ ਦੇਂਦਾ ਹੈ।

ਇਸ ਤਰ੍ਹਾਂ ਵਾਰਤਾਲਾਪ ਕਰਕੇ ਕੁਝ ਚਿਰ ਮਗਰੋਂ ਇੰਦਰਸੈਣ ਚਲਾ ਗਿਆ ਤੇ ਝੰਡਾ ਆਪਣੇ ਆਹਰੇ ਲਗ ਪਿਆ।

੨.

ਮਰਦਾਨਾ— ਪਾਤਸ਼ਾਹ! ਡਾਢੇ ਕਰੜੇ ਦੇਸ਼ ਵਿਚ ਆਏ ਹਾਂ, ਸਾਰੇ ਹਿੰਦੂ ਹਨ ਤੇ ਅਚਰਜ ਹਿੰਦੂ, ਕੋਈ ਲਾਗੇ ਛੁਹਣ ਨਹੀਂ ਦੇਂਦਾ। ਅੱਜ ਇੱਥੇ ਬੈਠਿਆਂ ਬੀ ਦੂਸਰਾ ਦਿਨ ਚੜ੍ਹਿਆ ਹੈ, ਨਗਰੀ ਪਾਸ ਹੈ, ਆਗਜਾ ਦਿਓ ਤਾਂ ਜਾਵਾਂ ਕੁਛ ਮੰਗ ਪਿੰਨ ਕੇ ਢਿੱਡ ਭਰਾਂ?

ਗੁਰੂ ਨਾਨਕ ਦੇਵ— ਜਾਹੁ ਮਰਦਾਨਾ! ਮੰਗਣਾ ਕਾਸਨੂੰ ਹੈ? ਇਕ ਸਾਂਈਂ ਤੋਂ ਜੁ ਮੰਗਿਆ; ਹੁਣ ਕਿਸੇ ਹੋਰਸ ਤੋਂ ਕਾਸਨੂੰ ਮੰਗਣਾ ਹੋਇਆ? ਤੂੰ ਜਾਹ ਨਗਰੀ ਇਕ ਝੰਡਾ ਬਾਢੀ ਹੈ, ਪਾਖਰ ਤਿਸ ਦੇ ਪਿਤਾ ਦਾ ਨਾਮ ਹੈ, ਪਤਾ ਪੁੱਛਦਾ ਜਾਹ, ਉਹ ਅੰਨ ਪਾਣੀ ਦੀ ਸੇਵਾ ਕਰੇਗਾ।

ਮਰਦਾਨਾ ਮੱਥਾ ਟੇਕਕੇ ਚਲਾ ਗਿਆ, ਨਗਰੀ ਜਾ ਵੜਿਆ। ਅੱਗੇ ਜੋ ਮਿਲੇ, ਮਰਦਾਨਾ ਚਾਹੇ ਕਿ ਇਸ ਪਾਸੋਂ ਝੰਡੇ ਦਾ ਘਰ ਪੁੱਛਾਂ, ਪਰ ਕਿਸੇ ਦਾ ਮੱਥਾ ਮਰਦਾਨੇ

ਨੂੰ ਐਡਾ ਚੰਗਾ ਨਾ ਲੱਗੇ ਕਿ ਹੀਆ ਕਰਕੇ ਪੁੱਛੇ। ਇੰਨੇ ਨੂੰ ਇਕ ਭਾਉਂਦੇ ਮੱਥੇ ਵਾਲਾ ਤੁਰਿਆ ਆਵੇ, ਉਸ ਨਾਲ ਚਾਰ ਸ਼ਰੀਰ ਸ਼ੋਭਾ ਵਾਲੇ ਬੀ ਸਨ, ਦੁਇ ਚਾਕਰ ਬੀ ਮਗਰ ਸਨ, ਮੱਥਾ ਤੱਕ ਕੇ ਮਰਦਾਨੇ ਨੇ ਬੇਝਕ ਹੋ ਉਸ ਤੋਂ ਪੁੱਛਿਆ— ਭਾਈ! ਨਿਰੰਕਾਰ ਤੇਰਾ ਭਲਾ ਕਰੇ, ਝੰਡੇ ਬਾਢੀ ਦੇ ਘਰ ਦਾ ਪਤਾ ਤਾਂ ਦੱਸ?

ਉਸ ਮਨੁੱਖ ਨੇ ਮਰਦਾਨੇ ਦੇ ਨੈਣਾਂ ਵੱਲ ਤੱਕਿਆ, ਤੱਕ ਕੇ ਖਿੜਿਆ, ਸਾਥੀਆਂ ਤੇ ਚਾਕਰਾਂ ਨੂੰ ਕਹਿਣ ਲੱਗਾ-ਤੁਸੀਂ ਚਲੋ, ਮੈਂ ਇਸ ਨਿਰੰਕਾਰ ਦਾ ਨਾਂ ਲੈਣ ਵਾਲੇ ਨੂੰ ਝੰਡੇ ਦੇ ਘਰ ਅਪੜਾ ਆਵਾਂ। ਤਾਂ ਨਾਲ ਦੇ ਚਾਕਰਾਂ ਆਖਿਆ— ਸਾਹਿਬ ਜੀ! ਅਸੀਂ ਅਪੜਾ ਆਉਂਦੇ ਹਾਂ, ਤੁਸੀਂ ਕਾਸਨੂੰ ਔਖੇ ਹੁੰਦੇ ਹੋ।

ਮਰਦਾਨਾ— ਮੈਨੂੰ ਪਤਾ ਦੱਸ ਦਿਓ, ਨਾ ਸਾਹਿਬ ਜੀ ਖੇਚਲ ਕਰਨ ਨਾ ਸੇਵਕ ਜੀ।

ਉਹ ਮਰਦ ਬੋਲਿਆ— ਭਾਈ ਨਿਰੰਕਾਰ ਦਾ ਨਾਂ ਲੈਣ ਵਾਲੇ! ਇਹ ਮੇਰਾ ਹੀ ਕੰਮ ਹੈ, ਆਓ।

ਤਾਂ ਨਾਲ ਲੈ ਕੇ ਟੁਰ ਪਿਆ ਤੇ ਪੁੱਛਣ ਲੱਗਾ ਕਿ "ਭਾਈ! ਤੂੰ ਝੰਡੇ ਨੂੰ ਕਿਵੇਂ ਜਾਣਦਾ ਹੈਂ? ਕਦ ਦੀ ਸਿਆਣ ਹੈ ਤੇਰੀ, ਤੂੰ ਇਸ ਦੇਸ਼ ਦਾ ਨਹੀਂ ਜਾਪਦਾ?" ਤਾਂ ਮਰਦਾਨੇ ਆਖਿਆ— "ਮੇਰਾ ਦੇਸ਼ ਤਾਂ ਲਾਹੌਰ ਦਾ ਪਰਗਨਾ ਹੈ ਤੇ ਝੰਡੇ ਨੂੰ ਹਉਂ ਨਹੀਂ ਜਾਣਦਾ, ਨਾ ਸਿਆਣਦਾ ਹਾਂ, ਮੇਰਾ ਸਾਹਿਬ ਸਿਆਣਦਾ ਹੈ, ਉਸ ਮੈਨੂੰ ਘੱਲਿਆ ਹੈ"।

ਝੰਡੇ ਦਾ ਰਸਤਾ ਦੱਸਣ ਵਾਲਾ ਇੰਦ੍ਰਸੈਣ ਸੀ, ਜੋ ਇਹ ਨਿਰੰਕਾਰ ਦਾ ਨਾਂ ਲੈਕੇ ਬੋਲਣ ਵਾਲੇ ਨੂੰ ਆਪਣੇ ਸਤਿਸੰਗੀ ਮਿੱਤਰ ਦੇ ਘਰ ਛੱਡਣ ਲਈ ਆਪ ਆਇਆ ਹੈ। ਘਰ ਅਪੜਾ ਕੇ ਤੇ ਝੰਡੇ ਨਾਲ ਮਿਲਾਕੇ ਇੰਦਰਸੈਣ ਆਪਣੇ ਘਰ ਨੂੰ ਚਲਾ ਗਿਆ।

ਝੰਡੇ ਨੇ ਮਰਦਾਨੇ ਨੂੰ ਆਦਰ ਨਾਲ ਬਹਾਇਆ ਤੇ ਫੇਰ ਪੁੱਛਿਆ: "ਭਲੇ ਪੁਰਖ ਜੀ! ਆਪ ਕਿਸ ਦੇਸ਼ ਤੋਂ ਆਏ ਹੋ? ਦਾਸ ਨੂੰ ਕੀਹ ਆਗਜਾ ਹੈ?

ਮਰਦਾਨਾ— ਦੇਸ਼ ਸਾਡਾ ਤਾਂ ਉਤਰਾ ਖੰਡ ਦੇ ਹੇਠਲੀਆਂ ਪੱਧਰਾਂ ਹਨ, ਜਿੱਥੇ ਕਿ ਪੰਜ ਦਰਯਾ ਵਗਦੇ ਹਨ, ਕਹੀਦੇ ਪੰਜ ਹਨ, ਉਂਜ ਹੈਨ ਸੱਤ, ਸਪਤ ਸਿੰਧੁ ਧਰਤੀ ਹੈ, ਪਰਗਨਾ ਲਾਹੌਰ ਹੈ ਰਾਜਧਾਨੀ, ਤਿਸਦੇ ਲਾਗ ਦੇ ਅਸੀਂ ਹਾਂ।

ਝੰਡਾ— ਧੰਨ ਭਾਗ, ਜੀਉ ਆਇਆਂ ਨੂੰ! ਕਿਵੇਂ ਆਏ ਹੋ? ਅਗੇ ਸਿਆਣ ਨਹੀਂ ਸਾਡੀ ਤੁਹਾਡੀ, ਹੁਣ ਸਿਆਣ ਹੋਈ ਹੈ, ਘਰ ਟੁਰ ਕੇ ਆਏ ਹੋ, ਕਰੋ ਕੋਈ ਮਿਹਰ, ਦਿਓ ਆਗਜਾ?

ਮਰਦਾਨਾ— ਤੁਸੀਂ ਡਾਢੇ ਮਿੱਠੇ ਮਿੱਠੇ ਬੋਲਦੇ ਹੋ, ਜਾਣੀਏ ਆਪਣੇ ਦੇਸ਼ ਦੇ ਹੀ ਹੋ, ਇਸ ਪਰਦੇਸ਼ ਵਿਚ ਮਿਲ ਪਏ ਹੋ। ਸਿਆਣ ਮੈਨੂੰ ਤਾਂ ਕਾਈ ਨਹੀਂ,

ਪਰ ਮੇਰੇ ਸਾਹਿਬ ਨੂੰ ਤੁਸਾਂ ਦੀ ਸਿਆਣ ਹੋਸੀ ਜੋ ਨਾਉਂ ਦੱਸਕੇ ਤੁਸਾਂ ਦੇ ਘਰ ਘੱਲਿਆ ਹੈ ਨੇ।

ਝੰਡਾ (ਹਰਿਆਨ ਹੋਕੇ)— ਹੱਛਾ...! ਤੁਸਾਂ ਦੇ ਸੁਹਣੇ ਸਾਹਿਬ ਜੀਉ ਦਾ ਕੀ ਨਾਮ ਹੈ?

ਮਰਦਾਨਾ— ਸ੍ਰੀ ਗੁਰੂ ਨਾਨਕ ਦੇਵ ਨਿਰੰਕਾਰ ਦੀ ਜੋਤਿ ਵਾਲੇ, ਜਿਨ੍ਹਾਂ ਨੂੰ ਅਜਾਣ ਲੋਕ 'ਨਾਨਕ ਤਪਾ' ਕਰਕੇ ਵੀ ਸੱਦਦੇ ਹਨ।

ਝੰਡਾ— ਸ੍ਰੀ ਗੁਰੂ ਨਾਨਕ ਦੇਉ ਨਿਰੰਕਾਰ ਦੀ ਜੋਤਿ! ਧੰਨ ਭਾਗ ਮੇਰੇ! ਮੈਨੂੰ ਐਸੇ ਉੱਚੇ ਨੇ ਯਾਦ ਕੀਤਾ ਹੈ, ਜਿਸ ਨੂੰ ਤੁਸਾਂ ਨਿਰੰਕਾਰ ਦੀ ਜੋਤਿ ਆਖਿਆ ਹੈ। ਤੁਹਾਡਾ ਮੂੰਹ ਖੰਡ ਨਾਲ ਭਰਾਂ! ਨਿਰੰਕਾਰ ਦੀ ਜੋਤਿ ਵਾਲੇ ਨੂੰ ਲੱਭਦਿਆਂ ਆਹ ਦਿਨ ਆ ਗਏ ਹਨ ਤੇ ਜੇ ਹੁਣ ਜੋਤਿ ਸਰੂਪ ਨੇ ਮੈਨੂੰ ਭਾਲ ਲਿਆ ਹੈ ਤੇ ਤੁਸਾਂ ਨੂੰ ਘੱਲਿਆ ਹੈ ਤਾਂ ਧੰਨ ਭਾਗ! ਸਚ ਮੁਚ ਧੰਨ ਭਾਗ!!

ਪਰ (ਸਿਰ ਫੇਰਕੇ) ਸੱਜਣ ਜੀ! ਉਦਾਸ ਨਾ ਹੋਣਾ, ਸਮਾਂ ਕਲਜੁਗ ਦਾ ਹੈ, ਧਰਮ ਦੇ ਤ੍ਰੈ ਪੈਰ ਖਿਸਕ ਚੁਕੇ ਹਨ, ਚੌਥੇ ਦਾ ਚੌਥਾ ਹਿਸਾ ਬੀ ਖਿਸਕ ਰਿਹਾ ਹੈ। ਕਾਲੀ ਰਾਤ ਪੈ ਰਹੀ ਹੈ, ਜਾਂ ਤਾਂ ਲੱਭਦੇ ਹਨ ਆਪਣੇ ਸੁਖਾਂ ਤੇ ਨਾਮਣਿਆਂ ਲਈ ਲੋਕਾਂ ਨੂੰ ਮਗਰ ਲਾਕੇ ਟੁਰਨ ਵਾਲੇ ਸਾਧੂ ਯਾ ਮਿਲਦੇ ਹਨ ਧਾਗੇ ਤਵੀਤ, ਤੰਤ੍ਰ; ਮੰਤ੍ਰ; ਜਾਦੂ, ਟੂਣੇ ਕਰਨ ਵਾਲੇ, ਸ਼ਕਤੀ ਦੇ ਉਪਾਸਕ, ਨਾਟਕਾਂ ਚੇਟਕਾਂ ਵਾਲੇ; ਜਿਨ੍ਹਾਂ ਦੇ ਮਗਰ ਲਗਿਆਂ ਮਨ ਦੀ ਮੈਲ ਨਹੀਂ ਉਤਰਦੀ, ਸਗਵੀਂ ਹੋਰ ਚੰਬੜਦੀ ਹੈ। ਹਾਂ ਜੀ, ਸੱਚ ਹੈ! ਤ੍ਰਿਸ਼ਨਾਂ ਦਾ ਬੱਧਾ ਜੀਵ ਅੱਗੇ ਹੀ ਤ੍ਰਿਸ਼ਨਾਂ ਵਿਚ ਡੁੱਬਾ ਪਿਆ ਹੈ, ਉਤੋਂ ਜਪ ਤਪ ਜੋਗ ਸਾਧਨ ਕਰਨੇ ਤਾਂ ਤ੍ਰਿਸ਼ਨਾਂ ਵਾਲੇ ਕੰਮਾਂ ਨੂੰ ਕਾਮਯਾਬ ਕਰਨੇ ਵਾਸਤੇ ਤਾਂ ਤ੍ਰਿਸ਼ਨਾਂ ਹੀ ਜਪਾਂ, ਤਪਾਂ ਨਾਲ ਵਧੀ ਨਾਂ; ਬਣਿਆ ਕੀ? ਸਜਣ ਜੀ! ਅਕਸਰ ਵੇਰ ਤਾਂ ਦੰਭ, ਭੇਖ ਤੇ ਆਪਾ ਪਾਲਣ ਦੇ ਦਰਸਨ ਮੇਲੇ ਹੀ ਹੁੰਦੇ ਰਹੇ ਹਨ, ਨਿਰੰਕਾਰ ਦੇ ਰੰਗ ਰੱਤਾ, ਅਚਾਹ, ਬੇਪਰਵਾਹ, ਨਿਰੰਕਾਰ ਦੇ ਰੰਗ ਵਿਚ ਰੰਗ ਦੇਣ ਵਾਲਾ ਅਜੇ ਨਹੀਂ ਲੱਭਾ। ਲੱਭਦਾ ਭੀ ਕੀਕੂੰ? ਸਾਡੇ ਮਨ ਜੋ ਮੈਲੇ ਹੋਏ, ਸਾਡੀ ਢੂੰਡ ਹੀ ਕਸਰਾਂ ਵਾਲੀ ਹੈ, ਅਚਾਹ ਜਜੋਤੀ ਮਹਾਂ ਪੁਰਖ ਤਾਂ ਆਪੇ ਹੀ ਆਪਣੇ ਆਪ ਨੂੰ ਲਭਾਵੇ ਨਾਂ। ਖ਼ਬਰੇ ਕੋਈ ਤ੍ਰੁਠ ਪਿਆ ਤੇ ਆਪੇ ਆ ਗਿਆ ਹੈ ਜਜੋਤੀ ਸਰੂਪ। ਧੰਨ ਭਾਗ! ਤੁਸਾਂ ਗੁੱਸੇ ਨਾ ਹੋਣਾ, ਅੱਗ ਨਾਲ ਹੱਥ ਸਿਕ ਜਾਵੇ ਤਾਂ ਹੱਥਾਂ ਨੂੰ ਹਰ ਲਿਸ਼ਕਾਰ ਤੋਂ ਸੰਕੋਚ ਹੋ ਜਾਂਦਾ ਹੈ। ਖਿਮਾਂ, ਖਿਮਾਂ, ਸੰਤ ਜੀ! ਧੰਨ ਨਿਰੰਕਾਰ ਦਾ ਨਾਉਂ ਲੈਣ ਵਾਲੇ ਜੀ! ਮੈਂ ਜੋ ਆਪ ਨੇ ਕਿਹਾ ਅਮੰਨਾ ਕੀਤਾ ਹੈ, ਇਹ ਤਾਂ ਆਪਨੂੰ ਮੈਂ ਹਡਬੀਤੀਆਂ ਤੇ ਜਗਵਰਤਾਰਾ ਸੁਣਾਇਆ ਹੈ।

ਮਰਦਾਨਾ— ਸੱਜਣਾਂ! ਸੱਚ ਦਾ ਕਾਹਦਾ ਗਿਲਾ? ਸੱਚ ਸੱਚ ਹੈ, ਜੇ ਕਦੇ ਜਗਤ ਵਿਚ ਅੰਧਕਾਰ ਨਾ ਹੁੰਦਾ ਤਾ ਸਾਂਈਂ ਸੂਰਜ ਕਿਉਂ ਉਪਾਉਂਦਾ? ਸੱਚ ਦੀ

ਕਾਲੀ ਰਾਤ ਪੈ ਗਈ ਹੈ ਤਾਂ ਹੀ— ਨਿਰੰਕਾਰ ਨੇ ਆਪਣੀ ਜਯੋਤੀ ਵਿਚ ਧਰਕੇ ਇਕ ਨਿਰੰਕਾਰੀ ਘੱਲਿਆ ਹੈ ਨਾ, ਜੋ ਜਗਤ ਨੂੰ ਘਰ ਘਰ ਦਰ ਦਰ ਫਿਰ ਕੇ ਤਾਰ ਰਿਹਾ ਹੈ।

ਵੇਖ, ਮਿਤਰਾ! ਤੈਨੂੰ ਇਕ ਰਮਜ਼ ਬੁਝਾਵਾਂ ਇਸ ਅਰਸ਼ਾਂ ਤੋਂ ਉਤਰੇ ਨੂਰ ਦੀ। ਜਿਥੇ ਜਿਥੇ ਪਰਮੇਸ਼ੁਰ ਦੇ ਢੂੰਡਾਊ ਮੁੱਦਤਾਂ ਤੋਂ ਕੋਈ ਹਨ, ਕੋਈ ਤਪ, ਕੋਈ ਗਿਆਨ, ਕੋਈ ਧਿਆਨ, ਚਾਹੇ ਕਿਸੇ ਤਰ੍ਹਾਂ ਦੇ ਸਾਧਨ ਕਰ ਰਹੇ ਹਨ, ਇਹ ਓਥੇ ਪੁੱਜ ਕੇ ਅੱਪੜਦਾ ਹੈ ਤੇ ਆਪਣੀ ਇਲਾਹੀ ਛੋਹ ਨਾਲ ਜੀਵਿਆਂ ਕਰਕੇ ਸਾਰੇ ਸਾਧਨਾਂ ਨੂੰ ਭਾਗ ਲਾ ਦਿੰਦਾ ਹੈ। ਇਹ ਦਾਤਾ ਪਿਛਲੇ ਜਨਮਾਂ ਤੋਂ ਲੱਗੇ, ਪਰ ਸਿਰੇ ਨਾ ਚੜ੍ਹੇ ਜਗਜਾਸੂਆਂ ਨੂੰ ਖੋਜ ਖੋਜਕੇ ਲੱਭਦਾ ਹੈ ਤੇ ਉਨ੍ਹਾਂ ਨੂੰ ਸਿਰੇ ਚਾੜ੍ਹਦਾ ਹੈ। ਜਿਵੇਂ ਕੋਈ ਤਕੜਾ ਖਿਲਾੜੀ ਸਮਿਆਂ ਤੋਂ ਅਟਕ ਭਟਕ ਰਹੀਆਂ ਨਰਦਾਂ ਨੂੰ ਚਾਤੁਰੀ ਨਾਲ ਪੁਗਾ ਦਿੰਦਾ ਹੈ। ਜਿੱਥੇ ਜਿੱਥੇ ਤੇ ਜਿਸ ਜਿਸ ਨਿਸ਼ਚੇ ਵਿਚ ਜੋ ਕੋਈ ਹੈ ਉਥੋਂ ਹੀ ਉਸ ਨੂੰ ਚੁੱਕਦਾ ਹੈ, ਭੁੱਲਾਂ ਸੋਧਕੇ ਆਪਣੀ ਛੁਹ ਲਾਕੇ ਉਸ ਨੂੰ ਸਾਂਈਂ ਦੇ ਸਿੱਧੇ ਰਾਹ ਪਾ ਦੇਂਦਾ ਹੈ। ਤੁਸੀਂ ਮੈਨੂੰ ਆਖਸੋ ਇਹ ਚਾਕਰ ਜੁ ਹੋਇਆ, ਆਪਣੇ ਮਾਲਕ ਦੇ ਸੋਹਿਲੇ ਗਾਉਂਦਾ ਹੈ ਤੇ ਮੈਂ ਤਾਂ ਹਾਂ ਹੀ ਜਾਤ ਦਾ ਜਸ ਕਰਨ ਵਾਲਾ ਮਿਰਾਸੀ, ਮੈਂ ਤਾਂ ਸੋਹਿਲੇ ਗਾਉਣੇ ਹੀ ਹੋਏ, ਪਰ ਮਿਤਰਾ! ਮੈਂ ਇਸ ਨੂਰ ਤੋਂ ਸੱਚ ਸਿੱਖਜਾ ਹੈ ਤੇ ਮੈਂ ਹੁਣ ਸੱਚ ਦੇ ਸੋਹਿਲੇ ਗਾਉਂਦਾ ਹਾਂ। ਸੱਚੋ ਸੱਚ, 'ਸਚ ਸਭਨਾ ਹੋਇ ਦਾਰੂ' ਇਹ ਜਯੋਤਿ ਨਿਰੰਜਨੀ ਦਾ ਵਾਕ ਹੈ। ਮੇਰੇ ਸੋਹਿਲੇ ਹੁਣ ਸੱਚ ਦੇ ਦਾਰੂ ਨਾਲ ਸੁਧਾ ਸੋਨਾ ਹੋ ਰਹੇ ਹਨ।

ਝੰਡਾ— ਠੀਕ ਆਖਦੇ ਹੋ, ਤੁਸਾਡੀ ਰਸਨਾ ਵਿਚ ਸੁਆਦ ਹੈ, ਸੁਣਕੇ ਕੰਨਾਂ ਨੂੰ ਰਸ ਆਉਂਦਾ ਹੈ, ਸੱਚ ਦੀ ਚੱਸ ਬਿਨਾਂ ਬਾਣੀ ਮਧੁਰ ਨਹੀਂ ਹੁੰਦੀ, ਮੈਂ ਇਕ ਗੱਲ ਪੁਛਾਂ, ਉਦਾਸ ਤਾਂ ਨਾ ਹੋਸੋ?

ਮਰਦਾਨਾ— ਜੀਉ ਸਦਕੇ ਪੁਛੋ!

ਝੰਡਾ— ਜਿਧਰੋਂ ਆਏ ਹੋ, ਓਧਰ ਇਕ ਭਾਰਾ ਕੁਫ਼ਰ ਗੜ੍ਹ ਸੀ-ਨੂਰ ਸ਼ਾਹ ਦੀ ਗੱਦੀ-ਉਸ ਨੂੰ ਕਿਸ ਨੇ ਤੋੜਿਆ ਹੈ? ਸੋਆਂ ਸੁਣੀਆਂ ਹਨ, ਪਰ ਪੱਕੀ ਗੱਲ ਅੱਖੀਂ ਡਿੱਠੀ ਕਿਸੇ ਦੀ ਜ਼ੁਬਾਨੀ ਨਹੀਂ ਸੁਣੀ, ਤੁਸੀਂ ਦੇਸਾਂ ਪਰਦੇਸਾਂ ਨੂੰ ਗਾਹੁੰਦੇ ਆ ਰਹੇ ਹੋ, ਕੋਈ ਸੋਝੀ ਹੋਵੇ ਨੇ? ਕੋਈ ਕਨਸੋ ਕੰਨੀ ਪਈ ਹੋਵੇ ਨੇ?

ਮਰਦਾਨਾ (ਕੁਛ ਰੰਗ ਬਦਲ ਕੇ)— ਮਿਤਰਾ! ਸੋ ਕਨਸੋ ਕਾਹਦੀ! ਅੱਖੀਂ ਡਿੱਠੀ ਤੇ ਹੱਡ ਵਰਤੀ ਦੱਸ ਸਕਦਾ ਹਾਂ।

ਝੰਡਾ— ਅੱਖੀਂ ਡਿੱਠੀ ਤੇ ਹਡ ਵਰਤੀ ਸੁਣਕੇ ਜੋ ਪਤੀਆ ਬੱਝਦਾ ਹੈ ਹੋਰਵੇਂ ਨਹੀਂ ਬੱਝਦਾ, ਧੰਨ ਭਾਗ! ਕੁਛ ਸੁਣਾਓ ਨਾ।

ਮਰਦਾਨਾ— ਉਹ ਕੁਫਰ ਗੜ੍ਹ ਇਸੇ ਸਤਿਗੁਰ ਨਾਨਕ ਦੇਵ ਨੇ ਤੋੜਿਆ ਹੈ ਤੇ ਇਹ ਅਵਗੁਣਿਹਾਰ, ਜੋ ਤੁਸਾਂ ਮੂਹਰੇ ਬੈਠਾ ਹੈ, ਇਹੋ ਹੀ ਉਸ ਜਾਲ ਵਿਚ ਜਾ ਫਸਿਆ ਸੀ। ਇਸੇ ਨਿਕਾਰੀ ਚਿੜੀ ਦੀ ਬੰਦ ਖਲਾਸ ਲਈ ਬੰਦੀ ਛੋੜ ਗੁਰੂ ਨਾਨਕ ਉਸ ਕੁਫ਼ਰਗੜ੍ਹ ਵਿਚ ਗਿਆ, ਜਿਸ ਦੇ ਬੰਦ ਨਿਵਾਰਨਹਾਰ ਹੱਥਾਂ ਨੇ ਨਾ ਕੇਵਲ ਮੇਰੇ ਗਲੇ ਦੀ ਸਿਲਕ ਕੱਟੀ, ਸਗੋਂ ਨੂਰ ਸ਼ਾਹ ਦੀ ਬੰਦ ਵਿਚ ਪਏ ਸਾਰੇ ਬੰਦੀ ਗਨ ਛੁਡਾ ਦਿੱਤੇ ਤੇ ਨੂਰਸ਼ਾਹ ਨੂੰ ਬੀ ਅੰਧਕਾਰ ਦੇ ਬੰਦੀ ਖਾਨੇ ਵਿਚੋਂ ਕੱਢਕੇ ਚਾਨਣੇ ਵਿਚ ਲੈ ਆਂਦਾ ਤੇ ਸਾਂਈ ਦੇ ਲੜ ਲਾ ਕੇ ਐਸਾ ਆਤਮ ਬਲ ਤੇ ਪਰਤਾਪ ਬਖਸ਼ਿਆ ਕਿ ਸੰਗਤ ਉਸ ਦੇ ਲੜ ਲਾਈ। ਨੂਰ ਸ਼ਾਹ ਹੁਣ ਨੂਰ ਵਿਚ ਹੈ, ਨੂਰ ਉਸ ਤੋਂ ਝਰਦਾ ਹੈ ਤੇ ਜਗਤ ਰੌਸ਼ਨ ਹੁੰਦਾ ਹੈ।

ਝੰਡਾ— ਤੁਸੀਂ ਅੱਠ ਪਹਿਰ ਨੂਰ ਕੋਲ ਰਹਿਣ ਵਾਲੇ, ਤੁਸੀਂ ਨੂਰ ਸ਼ਾਹ ਦੇ ਅੰਧਕਾਰ ਵਿਚ ਕਿਵੇਂ ਜਾ ਫਸੇ?

ਮਰਦਾਨਾ— ਮੈਂ ਪਿਛੋਂ ਤਪਹੀਣਾ ਹਾਂ, ਜਾਤ ਮੇਰੀ ਨੀਵੀਂ ਹੈ, ਸੁਹਬਤ ਬੀ ਪਹਿਲੇ ਰੱਬ ਦੇ ਪਿਆਰਿਆਂ ਦੀ ਨਹੀਂ ਸੀ, ਨਾ ਹੀ ਕਿਸੇ ਗੁਣ ਦਾ ਤਾਣ ਮੇਰੇ ਅੰਦਰ ਸੀ। ਆਪਣੀ ਮਿਹਰ ਦੇ ਤਾਣ ਦਾਤਾ ਜੀ ਨੇ ਮੇਰੀ ਉਂਗਲ ਫੜੀ, ਮੈਨੂੰ ਮੇਰੀ 'ਤਾਂਨਾ ਰੀ ਰੀ' ਤੇ ਪ੍ਰਸੰਨ ਹੋ ਕੇ ਆਪਣਾ ਸਾਥੀ ਬਣਾ ਲਿਆ। ਝੂਠੀਆਂ ਵਾਰਾਂ ਤੇ ਕੁਸ਼ਾਮਤਾਂ ਦੇ ਗੀਤ ਗਾਉਣ ਵਾਲੇ ਨੂੰ ਨਿਰੰਕਾਰ ਦਾ ਕੀਰਤਨੀਆਂ ਤੇ ਸੱਚ ਦੇ ਸੋਹਿਲੇ ਗਾਉਣ ਵਾਲਾ ਬਣਾ ਲਿਆ। ਮੈਂ ਆਪਣੇ ਆਪ ਵਿਚ ਨਿਤਾਣਾਂ ਬੋਟ ਹਾਂ, ਦਾਤੇ ਦੇ ਖੰਭਾਂ ਨਾਲ ਉਡਦਾ ਹਾਂ। ਜਦੋਂ ਮੈਂ ਆਪੇ ਵਿਚ ਆ ਜਾਵਾਂ ਮੈਂ ਨਿਤਾਣਾ ਹੋਣ ਕਰਕੇ ਔਖਾ ਹੁੰਦਾ ਹਾਂ, ਪਰ ਉਹ ਅਕਾਰਣ ਪ੍ਰੇਮ ਕਰਨ ਵਾਲਾ ਆਪਣੇ ਤਾਣ ਨਾਲ ਮੈਨੂੰ ਉਬਾਰਦਾ ਹੈ। ਸੱਜਣਾ! ਮੈਨੂੰ ਰਾਗ ਦਾ ਠਰਕ ਬਾਹਲਾ ਹੈ, ਭੁੱਖ ਦੇ ਹੋਟੇ ਮੈਂ ਥੱਕਾ ਮਾਂਦਾ ਨੂਰ ਸ਼ਾਹ ਦੇ ਦੁਆਰੇ ਜਾ ਖੜੋਤਾ, ਉਸ ਇਕ ਅਚਰਜ ਰੰਗ ਦੇ ਰਾਗ ਦੀ ਗਵਾਈ ਤੇ ਸਾਜ਼ਾਂ ਦੀ ਨਿਪੁਨ ਵਜੰਤ੍ਰੀ ਨਾਲ ਮੈਨੂੰ 'ਰਾਗ— ਮਸਤ' ਕਰ ਲਿਆ। ਗੁਰੂ ਨਾਨਕ ਨੇ ਮੈਨੂੰ 'ਕੀਰਤਨ— ਮਸਤ' ਕੀਤਾ ਸੀ, ਇਸ ਵੇਲੇ ਮੈਂ ਅਡੋਲ ਹੀ ਕੀਰਤਨ ਤੋਂ ਭੁਲਕੇ 'ਰਾਗ— ਮਸਤ' ਹੋ ਗ੍ਰਿਆ। ਐਉਂ ਮੈਂ ਨਿਤਾਣਾ ਆਪਣੇ ਤਾਣ ਆਕੇ ਫਸ ਗਿਆ, ਮੈਂ ਮਾਨੋ ਬੋਟ ਹੋ ਗਿਆ, ਦਾਤੇ ਦੇ ਖੰਭ ਜੁ ਮੈਂ ਵਿਸਾਰ ਦਿਤੇ; ਪਰ ਮਿਹਰਾਂ ਤੇ ਪਿਆਰਾਂ ਵਾਲੇ ਨੇ ਇਸ ਬੋਟ ਨੂੰ, ਫੇਰ ਪਿੰਜਰਿਓਂ ਕੱਢਕੇ ਤੇ ਆਪਣੇ ਖੰਭ ਲਾਕੇ ਅਪਣੀ ਚਰਨ ਸ਼ਰਨ ਅਰਸ਼ਾਂ ਵਿਚ ਉਡਾ ਲਿਆ।

ਝੰਡਾ— ਮੈਂ ਗੱਲ ਟੁਕਦਾ ਹਾਂ, ਪਰ ਜੋ ਸਮਝੇ ਨਾ ਪਵੇ ਉਹ ਨਿਸ਼ੰਕ ਹੋਕੇ ਪੁਛ ਲੈਣਾ ਸਤਿਸੰਗ ਵਿਚ ਚੰਗੀ ਗਲ ਹੁੰਦੀ ਹੈ।

ਮਰਦਾਨਾ— ਜੀ ਸਦਕੇ ਪੁਛੋ।

ਝੰਡਾ— ਮੈਂ 'ਰਾਗ-ਮਸਤ' ਤੇ 'ਕੀਰਤਨ-ਮਸਤ' ਦਾ ਫਰਕ ਨਹੀਂ ਸਮਝਿਆ।

ਮਰਦਾਨਾ— (ਮੁਸਕ੍ਰਾਕੇ) ਰਾਗ ਇਕ ਵਿਦਯਾ ਹੈ, ਰਾਗ ਇਕ ਗੁਣ ਤੇ ਹੁਨਰ ਹੈ, ਜਿਸ ਨਾਲ ਦਿਲ ਵਲਵਲੇ ਦੇ ਦੇਸ਼ ਜਾਂਦਾ ਹੈ। ਰਾਗ ਇਕ ਬੋਲੀ ਹੈ ਜੋ ਕਵਿਤਾ ਤੋਂ ਬੀ ਸੂਖਮ ਹੈ, ਰਾਗ ਇਕ ਚਿੱਤ੍ਰਕਾਰੀ ਹੈ ਜੋ ਪੱਥਰ ਦੀ ਸ਼ਿਲਪਕਾਰੀ ਤੇ ਰੰਗ ਦੀ ਮੁਸੱਵਰੀ ਤੋਂ ਬਰੀਕ ਹੈ। ਰਾਗ ਜਦ ਕੋਈ ਗਾਉਂਦਾ ਹੈ ਮਨ ਉਸ ਦੇ ਮਗਰ ਜਾਂਦਾ ਹੈ। ਰਾਗ ਜਿਸ ਵਿਚ ਕੋਈ ਕਵਿਤਾ, ਗੀਤ, ਨਹੀਂ ਗਾਵਿਆਂ ਜਾਂਦਾ, ਪਰ ਨਿਰਾ ਰਾਗ ਹੀ ਆਪਣੇ ਆਪ ਵਿਚ ਗਾਂਵਿਆ ਜਾਂ ਬਜਾਇਆ ਜਾਵੇ ਉਹ ਇਕ ਬੋਲੀ ਹੈ, ਇਕ ਅਗੁਵਾਨੀ ਹੈ, ਇਕ ਮੋਹਿਤਾ ਹੈ, ਜੋ ਅਪਣੀ ਖੈਂਚ ਨਾਲ ਮਨਾਂ ਨੂੰ ਕਿਸੇ ਰਸ ਦੇਸ ਵਿਚ ਲੈ ਜਾਂਦੀ ਹੈ। ਜਿਨ੍ਹਾਂ ਭਾਵਾਂ ਵਿਚ ਮਨ ਐਉਂ ਚਲਾ ਜਾਂਦਾ ਹੈ, ਓਹ ਅਕਸਰ ਸਾਡੀ ਸਮਝ ਵਿਚ ਪਏ ਤੋਂ ਬਿਨਾਂ ਸਾਨੂੰ ਆਪਣੇ ਵਿਚ ਖਿੱਚ ਲੈ ਜਾਂਦੇ ਹਨ। ਕੋਈ ਡਾਢਾ ਸੁਰਤ ਦਾ ਜੋੜਣਹਾਰ ਸਮਝਦਾ ਹੈ ਕਿ ਕਿਹੜਾ ਰਾਗ, ਕੀਹ ਵਲਵਲਾ ਕੀਹ ਭਾਵ ਉਪਜਾ ਰਿਹਾ ਹੈ। ਅਕਸਰ ਗਵੱਯੇ ਤੇ ਗੁਣੀ ਜਨ ਰਾਗਾਂ ਦੇ ਨਾਵਾਂ, ਪਰਸਪਰ ਫਰਕਾਂ, ਸੁਰਾਂ ਸੁਰਤੀਆਂ, ਮੂਰਛਨਾ, ਤਾਲਾਂ ਆਦਿ ਦੇ ਗਜਾਤਾ ਤੇ ਉਸਤਾਦ ਹੁੰਦੇ ਹਨ, ਪਰ ਕਿਹੜਾ ਰਾਗ ਕੀਹ ਤਾਸੀਰ ਪੈਦਾ ਕਰ ਰਿਹਾ ਹੈ? ਕਿਹੜੇ ਵਲਵਲੇ ਨੂੰ ਛੇੜ ਰਿਹਾ ਹੈ? ਇਨ੍ਹਾਂ ਗੱਲਾਂ ਦਾ ਮਾਹਿਰ, ਹਾਂ ਤਾਸੀਰ ਨੂੰ ਸਮਝਣਹਾਰ, ਵਿਰਲਾ ਕਿਤੇ ਕੋਈ ਰਸਿਕ ਹੁੰਦਾ ਹੈ। ਮੇਰਾ ਦਾਤਾ ਇਸ ਭੇਤ ਦਾ ਜਾਣੂ ਹੈ, ਉਸ ਨੇ ਰਾਗ ਦੀ ਇਸ ਤਾਸੀਰ ਵਾਲੇ ਗੁਣ ਨੂੰ ਲਿਆ ਹੈ ਤੇ ਆਤਮ ਰੰਗ ਉਪਜਾਉਣ ਲਈ ਰਾਗ ਵਰਤਿਆ ਹੈ। ਫਿਰ ਸਾਡੇ ਸੁਖੱਲ ਲਈ ਇਹ ਕੀਤਾ ਹੈ ਕਿ ਪਰਮੇਸ਼ੁਰ ਦੇ ਜਸ ਦੇ ਸ਼ਬਦ ਰਚੇ ਹਨ, ਮਨ ਨੂੰ ਮਾਯਾ ਤੋਂ ਉਪਰਾਮ ਕਰਨ ਤੇ ਵਿਕਾਰਾਂ ਤੋਂ ਉਦਾਸ ਕਰਨ ਦੇ, ਆਪੇ ਨੂੰ ਆਪੇ ਵਿਚ ਜਾਗ ਦੇਣ ਦੇ, ਵਾਹਿਗੁਰੂ ਦੇ ਪਿਆਰ ਵਿਚ ਝੁਮਾ ਦੇਣ ਦੇ ਐਸੇ ਵਲਵਲੇ ਤੇ ਭਾਵ ਉਪਜਾਣ ਵਾਲੇ ਸ਼ਬਦ ਕਹੇ ਹਨ ਕਿ ਸੁਣੋ ਤਾ ਉੱਚੀ ਰੌ ਦੀ ਜਾਨ ਪੈ ਜਾਵੇ। ਸ਼ਬਦਾਂ ਨੂੰ ਉਨ੍ਹਾਂ ਦੇ ਅਨੁਕੂਲ ਭਾਵ ਪੈਦਾ ਕਰਨ ਵਾਲੇ ਰਾਗਾਂ ਵਿਚ ਪਾਕੇ ਗਾਉਣ ਦੇ ਆਪ ਉਸਤਾਦ ਹਨ ਤੇ ਮੈਂ ਉਹਨਾਂ ਦਾ ਨਿਮਾਣਾ ਨਕਲੀਆ ਹੋਣ ਦਾ ਮਾਣ ਰਖਦਾ ਹਾਂ। ਸੋ ਉਹ ਰਾਗ ਜਿਸ ਵਿਚ ਦਾਤੇ ਨੇ ਵਾਹਿਗੁਰੂ ਦਾ ਜਸ ਤੇ ਉੱਚੇ ਵਲਵਲਿਆਂ ਦੇ ਭਾਵ ਗਾਇਨ ਕੀਤੇ ਹਨ ਉਹ ਕੀਰਤਨ ਹੈ ੧, ਤੇ ਨਿਰਾ ਰਾਗ ਰਾਗ ਹੈ ੨, ਤੇ ਵਿਕਾਰਾਂ ਦੇ ਭਾਵਾਂ ਨੂੰ ਉਦੀਪਨ ਕਰਨ ਵਾਲੇ ਬੋਲਾਂ ਵਾਲਾ ਰਾਗ, ਰਾਗ ਜੈਸੀ ਉੱਚੀ ਸ਼ੈ ਦਾ ਨੀਵਾਂ ਵਰਤਾਉ ਹੈ। ੩।

ਮੈਂ ਜੋ 'ਕੀਰਤਨ— ਮਸਤ' ਕਿਹਾ ਸੀ ਉਸ ਦਾ ਮਤਲਬ ਇਹ ਸੀ ਕਿ ਨਿਰੰਕਾਰ ਦੀ ਸਿਫਤ ਸਾਲਾਹ ਵਾਲੇ ਸ਼ਬਦਾਂ ਤੇ ਭਾਵਾਂ ਨਾਲ ਭਰਿਆ ਰਾਗ ਸੁਰਤ ਨੂੰ ਜਗਤ ਤੋਂ ਉੱਚਾ ਕਰਕੇ ਆਪੇ ਵਿਚ ਟਿਕਾ ਦਿੰਦਾ ਹੈ ਤੇ ਵਾਹਿਗੁਰੂ ਦੇ ਪਿਆਰ ਵਿਚ ਮਗਨ ਕਰ ਦਿੰਦਾ ਹੈ। ਪਰ ਨਿਰਾ ਰਾਗ ਉਸ ਵਲਵਲੇ ਵਿਚ ਮਦਹੋਸ਼

ਕਰ ਦਿੰਦਾ ਹੈ ਕਿ ਜਿਸ ਵਲਵਲੇ ਦੀ ਤਾਸੀਰ ਉਸ ਰਾਗ ਵਿਚ ਹੁੰਦੀ ਹੈ। ਜੇ ਉਹ ਭੀ ਵੈਰਾਗ ਆਦਿ ਉਪਜਾਉਂਦਾ ਹੈ ਤਾਂ ਚੰਗਾ ਹੈ, ਪਰ ਵਜੰਤ੍ਰੀ ਤੇ ਗਵੱਯੇ ਲੋਕ ਅਕਸਰ ਉਸ ਦਾ ਵੇਗ ਸਰੀਰਕ ਭਾਵਾਂ ਵਲ ਪਾਉਂਦੇ ਹਨ। ਸੋ ਜਦ ਨਿਰੰਕਾਰ ਦੇ ਕੀਤਰਨ ਤੋਂ ਵਿਰਵੇ ਹੋ ਕੇ, ਰਾਗ ਦੀਆਂ ਉੱਤਮ ਤਾਸੀਰਾਂ, ਪ੍ਰੇਮ; ਉਤਸ਼ਾਹ, ਵੈਰਾਗ ਆਦਿ ਤੋਂ ਬੇਪਰਵਾਹ ਹੋਕੇ ਐਵੇਂ ਰਾਗ ਸੁਣੋ ਤੇ ਸੁਰਤ ਨੂੰ ਮਗਰੇ ਛੱਡ ਦਿਓ ਤਾਂ ਸੁਰਤ ਬੇਮਲੂਮ ਕਿਸੇ ਉਸ ਵਲਵਲੇ ਵਿਚ ਮਗਨ ਹੋ ਜਾਏਗੀ ਕਿ ਜਿਸ ਵਲ ਵਜੰਤ੍ਰੀ (ਜਾਣੇ ਚਾਹੋ ਅਨਜਾਣੇ) ਸਾਨੂੰ ਲਿਜਾ ਰਿਹਾ ਹੈ। ਹੁਣ ਸਮਝ ਗਏ ਹੋ?

ਝੰਡਾ— ਠੀਕ ਸਮਝ ਗਿਆ ਹਾਂ; ਸੋ ਤੁਸੀਂ ਉਸ ਵੇਲੇ ਰਾਗ ਦੀ ਕਿਸੇ ਅਨਜਾਣੀ ਤਾਸੀਰ ਵਿਚ ਮਗਨ ਹੋਕੇ, ਜਿਸ ਨੂੰ ਤੁਸਾਂ ਆਪ 'ਕੀਰਤਨ' ਕਿਹਾ ਹੈ, ਉਸ ਤੋਂ ਉੱਕ ਗਏ?

ਮਰਦਾਨਾ— ਮੈਂ ਰਾਗ ਦੀ ਆਪਣੀ ਤਾਸੀਰ ਨੂੰ ਪਰਖਣ ਵਲ ਨਾ ਪਿਆ ਕਿ ਇਹ ਕਿਸ ਵਲਵਲੇ ਦੀ ਤਾਸੀਰ ਵਾਲਾ ਹੈ, ਰਾਗ ਦੀ ਉੱਤਮਤਾ ਤੇ ਤੀਖਣਤਾ ਤੇ ਰਾਗ ਕਰਨ ਵਾਲੇ ਦੀ ਕਾਰੀਗਰੀ ਦੀ ਮਹਿਮਾ ਦੇ ਭਾਵ ਵਿਚ ਆਕੇ 'ਰਾਗ—ਮਸਤ' ਹੋ ਗਿਆ, ਉਸ ਵੇਲੇ ਉਸ ਜਾਦੂਗਰ ਨੇ ਉਹ ਕਰਤੱਬ ਵਰਤਿਆ ਜਿਸ ਨਾਲ ਇਕ ਆਦਮੀ ਦੂਸਰੇ ਦੀ ਮਰਜ਼ੀ ਤੇ ਕਾਬੂ ਪਾਕੇ ਉਸਦੀ ਮਰਜ਼ੀ ਤੇ ਖਿਆਲ ਨੂੰ ਆਪਣੀ ਮਰਜ਼ੀ ਦੇ ਵੱਸ ਵਿਚ ਕਰ ਲੈਂਦਾ ਹੈ। ਉਹ ਮੂਰਖਾਂ ਨੂੰ ਤਾਂ ਤਾਕਤ ਤੇ ਕਰਾਮਾਤ ਭਾਸਦੀ ਹੈ, ਪਰ ਕਰਨ ਵਾਲੇ ਲੋਕ ਇਸਤੋਂ ਸ੍ਵਾਰਥ ਸਿੱਧੀਆਂ ਦਾ ਕੰਮ ਲੈਂਦੇ ਹਨ, ਇਹ ਇਕ ਪ੍ਰਕਾਰ ਦਾ ਕ੍ਰਿਸ਼ਨ ਜੋਗ (ਉਹ ਜੋਗ ਜੋ ਵਾਸ਼ਨਾ ਤ੍ਰਿਸ਼ਨਾ ਦੀ ਪੂਰਣਤਾ ਵਲ ਲੈ ਜਾਵੇ।) ਹੈ ਤੇ ਇਸਦਾ ਨੀਵਾਂ ਵਰਤਾਉ ਚੰਗਾ ਨਹੀਂ ਹੈ।

ਝੰਡਾ— ਤਾਂਤ੍ਰਿਕ ਕਰਤਬ ਤੇ ਸ਼ਾਕਤਕਾਂ ਦੇ ਕਾਰਨਾਮੇ ਮੈਂ ਬੀ ਡਿੱਠੇ ਹਨ, ਤੁਸਾਂ ਦੇ ਆਖੇ ਮੂਜਬ ਓਹ ਤਾਂ ਕਲਯਾਣ ਦੇ ਰਸਤੇ ਦੇ ਸਹਾਇਕ ਨਹੀਂ, ਕਿਉਂਕਿ ਉਹਨਾਂ ਦਾ ਅਕਸਰ ਵਰਤਾਉ ਤਾਂ ਵਾਸ਼ਨਾ ਤ੍ਰਿਸ਼ਨਾ ਦੇ ਪੂਰੇ ਕਰਨ ਵਲ ਤੇ ਸ਼ਰੀਰਕ ਲੋੜਾਂ ਤੇ ਸੁਆਦਾਂ ਨੂੰ ਵਧਾਉਣ ਤੇ ਪਦਾਰਥਾਂ ਦੇ ਜਮ੍ਹਾਂ ਕਰਾ ਦੇਣ ਵਾਲਾ ਹੈ, ਸੋ ਉਹ ਤਾਂ ਮਾਯਾ ਵੱਲ ਲੈ ਜਾ ਰਿਹਾ ਹੈ, ਸਗੋਂ ਆਤਮਾ ਵਲੋਂ ਵਧੇਰੇ ਪਿੱਠ ਕਰਾ ਰਿਹਾ ਹੈ। ਤੁਸਾਂ ਨੇ ਇਹ ਸਾਰੀ ਵਾਰਤਾ ਸੱਚ ਆਖੀ ਹੈ। ਹਾਂ ਸੱਚੀ, ਇਹ ਦੂਸਰੇ ਦੇ ਮਨ ਤੇ ਕਾਬੂ ਕਿਵੇਂ ਪਾ ਲੈਂਦੇ ਹਨ?

ਮਰਦਾਨਾ— ਮੈਨੂੰ ਇਸ ਅਮਲ ਦੀ ਜਾਚ ਤਾਂ ਨਹੀਂ ਹੈ; ਪਰ ਦਾਤਾ ਜੀ ਨੇ ਮੈਨੂੰ ਦੱਸਿਆ ਸੀ ਕਿ ਜਦੋਂ ਅਸੀਂ ਕਿਸੇ ਅਮਲ ਕਰਨ ਵਾਲੇ ਦੇ ਅੱਗੇ ਮਨ ਵਿਛਾ ਦੇਈਏ ਤੇ ਉਹ ਅੱਖਾਂ ਨਾਲ ਕਿ ਹੱਥਾਂ ਨਾਲ ਕਿ ਬਚਨਾਂ ਨਾਲ ਸਾਡੇ ਦਿਲ ਵਿਚ ਖਿਆਲ ਪਾ ਪਾ ਕੇ ਆਪਣੇ ਮਗਰ ਲਈ ਚੱਲੇ ਤਾਂ ਨੀਮ ਬੇਹੋਸ਼ੀ

ਜਿਹੀ ਹੋਕੇ ਉਸ ਦੀ ਮਰਜ਼ੀ ਦੇ ਵੱਸ ਵਿਚ ਹੋ ਜਾਈਦਾ ਹੈ। ਅੱਗੋਂ ਉਹ ਜੇ ਵੈਰਾਗਵਾਨ ਹੋਵੇ, ਮਾਯਾ ਅਤੀਤ ਹੋਵੇ ਤਾਂ ਸੁਆਰਥ ਦੇ ਕੰਮ ਨਾ ਕੱਢੇਗਾ, ਪਰ ਐਸਾ ਹੋਣਾ ਕਠਨ ਹੈ। ਫਿਰ ਜੇ ਉਹ ਸੁਆਰਥੀ ਨਾ ਬੀ ਹੋਵੇ ਤਾਂ ਬੀ ਉਸ ਅੱਗੇ ਮਨ ਵਿਛ ਵਿਛ ਕੇ ਦਬੇਲ ਜਿਹਾ ਹੋ ਜਾਂਦਾ ਹੈ। ਰਾਜ ਯੋਗ ਨਾਲ, ਭਗਤੀ ਯੋਗ ਨਾਲ ਨਾਮ ਦੇ ਰੰਗ ਰਸ ਨਾਲ, ਸਹਿਜ ਯੋਗ ਨਾਲ ਤਾਂ ਅੰਦਰਲਾ ਉੱਚਾ, ਸੁੱਚਾ, ਦੂਸਰਿਆਂ ਦੇ ਅਸਰਾਂ ਹੇਠ ਨਾ ਆਉਣ ਵਾਲਾ ਸਾਖੀ ਪਦ ਵਿਚ, ਜਿਸ ਨੂੰ ਫਾਰਸੀ ਬੋਲੀ ਵਿਚ ਹਾਲਤ ਫ਼ਾਇਲੀਅਤ ਕਹੀਦਾ ਹੈ, ਉਸ ਵਿਚ ਟਿਕ ਕੇ ਇਕ ਸ਼ਖਸੀਅਤ ਤੇ ਤਾਕਤਵਰ ਵਜਕਤੀ ਬਣ ਜਾਂਦਾ ਹੈ, ਪਰ ਇਸ ਉਪਰ ਕਥੀ ਗੱਲ ਨਾਲ ਤਾਂ ਹਾਲਤ ਮਫ਼ੂਲੀਅਤ ਵਿਚ ਜਾਕੇ ਦਬੇਲ ਜਿਹਾ ਹੋ ਜਾਂਦਾ। ਹਾਂ, ਜੇ ਕੋਈ ਕਿਸੇ ਦੇ ਸ਼ਰੀਰਕ ਰੋਗਾਂ ਜਾਂ ਭੈੜੀਆਂ ਵਾਦੀਆਂ ਦਾ ਇਸ ਨਾਲ ਇਲਾਜ ਕਰੇ ਤਾਂ ਗੱਲ ਵੱਖਰੀ ਹੈ।

ਝੰਡਾ— ਠੀਕ ਕਿਹਾ ਨੇ, ਤ੍ਰਿਸ਼ਨਾ ਤਾਂ ਮਨੁੱਖ ਦੇ ਅੰਦਰ ਇਸ ਦੀ ਆਗੂ ਹੋਈ; ਉਹ ਸੱਚ ਦੇ ਰਸਤੇ ਤੁਰਨ ਨਹੀਂ ਦੇਂਦੀ, ਸੱਚ ਤੇ ਖੜਾ ਤਾਂ ਉਪਕਾਰੀ ਹੋਵੇਗਾ, ਨਿਜ ਦਾ ਪਾਲੂ ਨਹੀਂ ਹੋਵੇਗਾ। ਪਰ ਜੋ ਮਾਰਗ ਆਪ ਨੇ ਕਹੇ ਹਨ ਕਠਨ ਬੜੇ ਹਨ, ਆਪੇ ਹੋ ਨਹੀਂ ਆਉਂਦੇ ਤੇ ਜੋਗੀ ਮਿਲਦੇ ਨਹੀਂ, ਭਗਤ ਭੀ ਦੁਰਲੱਭ ਹੁੰਦਾ ਜਾਂਦਾ ਹੈ ਤੇ ਉਧਰ ਸੱਚੇ ਗਿਆਨੀ ਦਾ ਬੀ ਕਾਲ ਹੈ। ਅਸਾਂ ਤਾਂ ਹਾਰਕੇ ਇਹ ਰਾਹ ਫੜਿਆ ਹੈ ਕਿ ਮਿਲ ਬੈਠਦੇ ਹਾਂ, ਧਰਮ ਪੁਸਤਕਾਂ ਦਾ ਵਿਚਾਰ ਤੇ ਪਾਪਾਂ ਨੂੰ ਜਿੱਤਣ ਦਾ ਜਤਨ ਕਰਦੇ ਹਾਂ। ਕਦੇ ਮਨ ਨੂੰ ਸੰਕਲਪਾਂ ਤੋਂ ਰੋਕ ਰੋਕ ਬਹਿੰਦੇ ਹਾਂ ਏਕਾਂਤ। ਕਦੇ ਸਰਬ ਅਨਾਤਮ ਤੋਂ ਖਿਆਲ ਨੂੰ ਮੋੜਦੇ ਹਾਂ। ਚਾਹੇ ਕੁਛ ਬਣੇ ਚਾਹੇ ਨਾ, ਆਪਣੀ ਵਲੋਂ ਤਰਲੇ ਲੈਂਦੇ ਰਹਿੰਦੇ ਹਾਂ। ਕਈ ਵੇਰ ਸਾਧ ਫ਼ਕੀਰ ਹੋ ਜਾਣ ਨੂੰ ਦਿਲ ਕਰਦਾ ਹੈ, ਪਰ ਸਾਧਾਂ ਫ਼ਕੀਰਾਂ ਨੂੰ ਡੋਲਦੇ ਤੇ ਅੰਨ ਬਸਤ੍ਰ ਲਈ ਕੋਈ ਰਚਨਾਂ ਰਚਦੇ ਵੇਖਕੇ ਆਖਦੇ ਹਾਂ ਕਿ ਨਾ ਬਈ ਇਸ ਨਾਲੋਂ ਕਿਰਤ ਮਜ਼ੂਰੀ ਕਰਕੇ ਖਾਣਾ, ਵਿਕਾਰਾਂ ਤੋਂ ਬਚਣਾ ਤੇ ਮਨ ਨੂੰ ਮੋੜਨ ਵਲ ਲਗੇ ਰਹਿਣਾ ਚੰਗਾ ਹੈ, ਹੋਰ ਮੇਲ ਤਾਂ ਨਹੀਂ ਨਾ ਪੈਂਦੀ।

ਮਰਦਾਨਾ— ਸੱਚ ਹੈ ਤੇ ਸੁਹਣਾ ਹੈ, ਗੱਲ ਤਾਂ ਕਾਈ ਵੱਡੀ ਨਹੀਂ, ਪਰ ਹੈ ਬੀ ਡਾਢੀ, ਸਮਝੇ ਪੈ ਗਈ ਤਾਂ ਸਵੱਲੀ, ਨਾ ਪਈ ਤਾਂ ਔਖੀ।

ਇਹ ਕਹਿਕੇ ਮਰਦਾਨੇ ਨੇ ਧੁੱਪ ਵਲ ਡਿੱਠਾ, ਝੰਡਾ ਸਮਝ ਗਿਆ ਕਿ ਮੈਂ ਆਪਣੇ ਸ਼ੌਂਕ ਵਿਚ ਇਨ੍ਹਾਂ ਨੂੰ ਢੇਰ ਚਿਰ ਗੱਲਾਂ ਵਿਚ ਪਾਈ ਰਖਿਆ ਹੈ, ਸਮਾਂ ਚੋਖਾ ਬੀਤ ਚੁਕਾ ਹੈ ਤੇ ਘਰ ਆਏ ਨੂੰ ਮੈਂ ਨਾ ਪਾਣੀ ਨਾ ਧਾਣੀ ਪੁੱਛਿਆ, ਨਾ ਆਉਣ ਦਾ ਪਰੋਜਨ, ਇਹ ਮੈਂ ਭਲੀ ਨਹੀਂ ਕੀਤੀ, ਤਾਂ ਆਖਣ ਲੱਗਾ:—

ਨਿਰੰਕਾਰ ਦੇ ਪਿਆਰੇ! ਮੈਂ ਮੂਰਖ ਹਾਂ, ਆਪ ਨੂੰ ਅੰਨ ਜਲ ਨਹੀਂ ਪੁੱਛਿਆ, ਆਉਣੇ ਦਾ ਪਰੋਜਨ ਨਹੀਂ ਪੁੱਛਿਆ ਤੇ ਆਪਣੇ ਸੁਖ ਦੇ ਮਗਰ ਲੱਗ ਕੇ ਪ੍ਰਸ਼ਨਾਂ

ਵਿਚ ਆਪ ਨੂੰ ਲਾਈ ਟੁਰਿਆ ਗਿਆ ਹਾਂ; ਕਿਰਪਾ ਕਰਕੇ ਕੁਝ ਖਾਓ ਪੀਓ, ਸੇਵਾ ਦੱਸੋ?

ਮਰਦਾਨਾ— ਸੱਚ ਤੇ ਨਿਰੋਲ ਸੱਚ ਇਹ ਹੈ ਕਿ ਮੈਂ ਤਾਂ ਆਇਆ ਹੀ ਸ਼ਹਿਰ ਵਿਚ ਖਾਣ ਲਈ ਸਾਂ। ਮੈਂ ਜੋਤਿ ਨਿਰੰਜਨੀ ਨੂੰ ਕਿਹਾ ਸੀ ਕਿ ਕਿਤੇ ਕੁਝ ਮੰਗ ਕੇ ਖਾ ਆਵਾਂ, ਲੋਕੀਂ ਸਾਥੋਂ ਪਰੇ ਹਟਦੇ ਹਨ, ਭੇਸ ਵੇਖਕੇ ਖਬਰੇ ਕੀਹ ਸਮਝਦੇ ਹਨ। ਪਰ ਮਾਲਕ ਜੀ ਨੇ ਆਖਿਆ ਕਿ ਮੰਗਣ ਦੀ ਲੋੜ ਨਹੀਂ, ਨਿਰੰਕਾਰ ਪਿਆਰ ਨਾਲ ਖੁਲਾਵੇਗਾ। ਇਹ ਆਖਕੇ ਆਪ ਨੇ ਆਪ ਦਾ ਪਤਾ ਦਿੱਤਾ ਕਿ ਉਸ ਦੇ ਘਰ ਚਲੇ ਜਾਓ। ਸੋ ਮੇਰਾ ਪਰੋਜਨ ਹੀ ਰੋਟੀ ਖਾਣ ਦਾ ਹੈਸੀ ਜਾਂ ਜੋ ਕੁਛ ਮਿਲ ਜਾਵੇ, ਤੇ ਸਾਹਿਬ ਜੀ ਦਾ ਘੱਲਣ ਵਿਚ ਕੀਹ ਪਰੋਜਨ ਹੈ ਓਹ ਆਪ ਜਾਣਦੇ ਹਨ।

ਝੰਡਾ— ਵਾਹ ਸੱਜਣਾ! ਖੁਸ਼ ਕਰ ਦਿੱਤਾ ਈ, ਕਾਹਨੂੰ ਕੋਈ ਸਾਧ ਐਉਂ ਸਾਫ ਸੱਚ ਆਖਦਾ ਹੈ? ਵਾਹ ਵਾਹ ਜੋਤਿ ਨਿਰੰਜਨੀ ਦੇ ਸਾਥੀਆ! ਅੱਜ ਜਾਪਦਾ ਹੈ ਸੱਚ ਰੂਪ ਧਾਰਕੇ ਆਇਆ ਹੈ ਮੈਨੂੰ ਤਾਰਣ। ਹੱਛਾ ਇਹ ਦੱਸ! ਆਪ ਨੇ ਬੀ ਤਾਂ ਭੋਜਨ ਨਹੀਂ ਨਾ ਕੀਤਾ ਹੋਊ?

ਮਰਦਾਨਾ— ਮੈਂ ਹਾਂ ਦਾਸ ਤੇ ਜੀਵ, ਉਹ ਹਨ ਸਾਹਿਬ ਤੇ ਜਗੋਤਿ ਰੂਪ, ਭੁੱਖ ਤ੍ਰਿਖਾ ਉਨ੍ਹਾਂ ਨੂੰ ਨਹੀਂ ਸਤਾਉਂਦੀਆਂ। ਕਿਸ ਆਧਾਰ ਉਹ ਨਹੀ ਘਾਬਰਦੇ? ਉਹ ਜਾਣਨ। ਆਖਦੇ ਹਨ ਕਿ ਕੋਈ ਟਿਕਾਣਾ ਐਸਾ ਹੈ ਕਿ ਨਾਮ ਦਾ ਆਧਾਰ ਸਰੀਰ ਨੂੰ ਬੀ ਪਾਲਦਾ ਹੈ {ਤਿਥੈ ਊਂਘ ਨ ਭੁਖ ਹੈ ਹਰਿ ਅਮ੍ਰਿਤ ਨਾਮੁ ਸੁਖ ਵਾਸ॥ (ਸ.ਵਾ. ਤੇ ਵ.ਮ. ੩-੧੬)}, ਕੀ ਜਾਣੀਏਂ ਜੋ ਆਪ ਦੇ ਪ੍ਰੇਮੀ ਹਨ ਘਰ ਘਰ ਵਿਚ, ਰਸੋਈ ਪਕਾ ਕੇ, ਥਾਲ ਪ੍ਰੋਸ ਕੇ, ਆਪ ਦਾ ਧਿਆਨ ਧਾਰ ਕੇ ਅਰਦਾਸ ਕਰਦੇ ਹਨ ਕਿ ਆਪ ਦੀ ਰਸਨਾ ਇਸ ਦਾ ਸੁਆਦ ਲਵੇ, ਉਹ ਕੋਈ ਆਧਾਰ ਅਰਦਾਸਾਂ ਦੀਆਂ ਤਰਬਾਂ ਤੇ ਥੁਰਾਉਂਦਾ ਉਨ੍ਹਾਂ ਦੇ ਸੂਖਮ ਆਪੇ ਨੂੰ ਮਿਲਦਾ ਰਹਿੰਦਾ ਹੈ, ਸਾਂਈਂ ਜਾਣੇ ਜਾਂ ਓਹ ਆਪ।

ਝੰਡਾ— ਪਰ ਉਂਜ ਉਹਨਾਂ ਅੱਜ, ਭੋਜਨ ਤਾ ਨਹੀਂ ਪਾਇਆ ਅਜੇ?

ਮਰਦਾਨਾ— ਨਾ ਕੇਵਲ ਅੱਜ, ਸਗੋਂ ਕਲ ਪਰਸੋਂ ਦੇ ਪੌਣ ਅਹਾਰੀ ਹੀ ਹਨ।

ਝੰਡਾ— ਲਓ ਫੇਰ ਤੁਸੀਂ ਤਾਂ ਜੋ ਤਿਆਰ ਹੈ ਪਾ ਲਓ ਤੇ ਉਹਨਾਂ ਵਾਸਤੇ ਲੈਕੇ ਮੈਂ ਤੁਸਾਂ ਦੇ ਨਾਲ ਚਲਦਾ ਹਾਂ, ਮੈਂ ਉਹਨਾਂ ਨੂੰ ਖੁਆਲ ਕੇ ਖਾਵਾਂਗਾ।

ਮਰਦਾਨਾ— ਗੱਲ ਤਾਂ ਸੁਹਣੀ ਹੈ, ਪਰ ਉਹਨਾਂ ਦੇ ਖਾਧੇ ਬਿਨਾਂ ਮੈਂ ਕੀਕੁਰ ਖਾਵਾਂ? ਪਹਿਲੋਂ ਸਾਹਿਬ ਖਾਵੇ ਤਾਂ ਮਗਰੋਂ ਨਫਰ ਮੂੰਹ ਪਾਵੇ।

ਝੰਡਾ— ਇਹ ਬੀ ਖਰੀ ਗੱਲ ਆਖੀ ਨੇ!

ਤਦ ਝੰਡੇ ਨੇ, ਜੋ ਰਾਜੇ ਦੇ ਮਹਿਲਾਂ ਦਾ ਕਾਰੀਗਰ ਸੀ ਉਸ ਦੇ ਬਾਗ ਤੋਂ

ਕੁਛ ਫਲ ਮੰਗਵਾਏ ਤੇ ਕੁਛ ਰਿੱਧਾ ਪੱਕਾ ਘਰੋਂ ਤਿਆਰ ਕੀਤਾ ਕਰਾਇਆ ਨਾਲ ਲਿਆ ਤੇ ਮਰਦਾਨੇ ਨੂੰ ਨਾਲ ਲੈਕੇ ਟੁਰ ਪਿਆ।

੩.

ਜਾਂ ਦੋਵੇਂ ਜਣੇ ਸ਼ਹਿਰੋਂ ਬਾਹਰ ਉਜਾੜ ਵਿਚ ਆਏ, ਜਿੱਥੇ ਗੁਰੂ ਬਾਬਾ ਬੈਠਾ ਸੀ ਤਾਂ ਮਰਦਾਨੇ ਨੇ ਆਕੇ 'ਕਰਤਾਰ ਕਰਤਾਰ' ਉਚਾਰ ਚਰਨਾਂ ਤੇ ਸਿਰ ਧਰਿਆ। ਝੰਡੇ ਨੇ ਬੀ ਚੰਗੇਰ ਧਰਕੇ ਚਰਨਾਂ ਕੋਲ ਸੀਸ ਨਿਵਾਕੇ 'ਕਰਤਾਰ ਕਰਤਾਰ' ਆਖਿਆ ਤਾਂ ਗੁਰੂ ਨਾਨਕ ਅਰਸ਼ਾਂ ਦੇ ਨੂਰ ਨੇ ਆਖਿਆ:— 'ਆਉ! ਝੰਡਾ!' ਤਾਂ ਝੰਡੇ ਨੇ 'ਜੀਉ' ਆਖ ਕੇ ਪ੍ਰਸ਼ਾਦਿ ਅੱਗੇ ਧਰਿਆ। ਆਪ ਬੋਲੇ— ਝੰਡਿਆ, ਇਹ ਕੀ ਲੈ ਆਇਆ ਹੈਂ? ਤਾਂ ਉਸ ਆਖਿਆ: ਜੀਉ! ਭੋਜਨ ਹੈ, ਆਪ ਅੰਗੀਕਾਰ ਕਰੋ ਤੇ ਆਪਣੇ ਸੇਵਕ ਨੂੰ ਅਚਵਾਓ।'ਤਾਂ ਸਤਿਗੁਰ ਜੀ ਨੇ ਆਖਿਆ— 'ਝੰਡਿਆ! ਇਸ ਭੋਜਨ ਦੇ ਬਖਰੇ ਕਰ, ਇਕ ਬਖਰਾ ਮਰਦਾਨੇ ਨੂੰ ਦੇਹ ਜੋ ਖਾਵੇ ਤੇ ਤ੍ਰਿਪਤ ਹੋਕੇ ਹਰਿ ਗੁਣ ਗਾਵੇ।' ਇਹ ਸੁਣਕੇ ਮਰਦਾਨੇ ਆਖਿਆ— 'ਸਾਹਿਬਾ! ਇਹ ਕਿਵੇਂ ਗੱਲ ਢੁਕਦੀ ਹੈ ਕਿ ਆਪ ਨਾ ਅਚੋ ਤੇ ਮੈਂ ਖਾਵਾਂ। ਪਹਿਲਾਂ ਸਾਹਿਬ ਪਿਛੋਂ ਚਾਕਰ।' ਤਾਂ ਗੁਰੂ ਨਾਨਕ ਜੀ ਹੱਸੇ ਤੇ ਆਖਣ ਲੱਗੇ 'ਮਰਦਾਨਿਆਂ! ਤੈਨੂੰ ਭੁੱਖ ਲੱਗੀ ਹੈ ਤੂੰ ਖਾਹ। ਤੂੰ ਝੰਡੇ ਦਾ ਪ੍ਰਾਹੁਣਾ ਹੈਂ, ਤੂੰ ਪਹਿਲਾਂ ਖਾ ਲੈ। ਝੰਡਾ ਟੁਰ ਕੇ ਸਾਡੇ ਪਾਸ ਆਇਆ ਹੈ, ਇਹ ਸਾਡਾ ਪ੍ਰਾਹੁਣਾ ਹੈ, ਇਸ ਨੂੰ ਪਹਿਲਾਂ ਖੁਲਾਉਣਾ ਸਾਡਾ ਧਰਮ ਹੈ, ਪਿੱਛੋਂ ਅਸੀਂ ਖਾਵਾਂਗੇ।' ਤਦ ਮਰਦਾਨਾ ਬਚਨ ਮੰਨਕੇ ਅੰਨ ਖਾਣ ਲੱਗਾ!

ਝੰਡਾ ਹੈਰਾਨ ਹੋ ਗਿਆ ਕਿ ਕਿੱਡੇ ਆਦਰ ਵਾਲੇ ਹਨ, ਪਰ ਇਹ ਨਾ ਸਮਝਿਆ ਕਿ ਮੈਨੂੰ ਪਹਿਲਾਂ ਕੀਹ ਖੁਆਲਣਗੇ, ਉਸ ਜਾਤਾ ਕਿ ਮਰਦਾਨੇ ਤੋਂ ਮਗਰੋਂ ਅੰਨ ਖਾਣ ਦੀ ਮੇਰੀ ਵਾਰੀ ਆਵੇਗੀ ਤੇ ਫੇਰ ਜਗੋਤੀ ਰੂਪ ਜੀ ਆਪ ਛਕਣਗੇ। ਝੰਡਾ ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਸਤਿਗੁਰ ਜੀ ਨੇ ਪੁਛਿਆ: ਝੰਡਿਆ! ਇਹ ਭੋਜਨ ਤੂੰ ਆਪਣੇ ਘਰੋਂ ਲਿਆਇਆ ਹੈਂ?

ਝੰਡਾ— ਜੀਉ ਜੀ! ਭੋਜਨ ਤਾਂ ਪਰਮੇਸ਼ੁਰ ਦੇ ਘਰੋਂ ਆਇਆ ਹੈ ਮੈਂ ਕੌਣ ਵਿਚਾਰਾ ਹਾਂ?

ਗੁਰੂ ਜੀ— ਝੰਡਿਆ! ਭੋਜਨ ਘੱਲਣ ਵਾਲੇ ਪਰਮੇਸ਼ੁਰ ਨੂੰ ਤੂੰ ਜਾਣਦਾ ਹੈਂ?

ਝੰਡਾ— ਇਹ ਤਾਂ, ਹੇ ਨਿਰੰਕਾਰੀ ਜੀ! ਸਭ ਕੋਈ ਜਾਣਦਾ ਹੈ ਜੋ ਪਰਮੇਸ਼ੁਰ ਹੈ ਤੇ ਉਹ ਪਾਲਣਾ ਕਰਦਾ ਹੈ।

ਗੁਰੂ ਜੀ— ਕੀ ਤੂੰ ਪਰਮੇਸ਼ੁਰ ਨੂੰ ਜਾਣਿਆ ਹੈ?

ਝੰਡਾ— (ਕੁਛ ਹਰਿਆਨ ਹੋ ਕੇ) ਜੀਉ! ਜਾਣਿਆ ਹੈ ਤਾਂ ਸਤਿਸੰਗ ਵਲ ਚਿਤ ਨੂੰ ਰੁਚੀ ਰਹਿੰਦੀ ਹੈ।

ਝੰਡਾ— ਕਿਵੇਂ ਜੀਉ! ਵਿਆਕੁਲ ਤਾਂ ਬੜਾ ਰਹਿੰਦਾ ਹਾਂ।

ਗੁਰੂ ਜੀ— ਜਿਸ ਘਟ ਵਿਚ ਪਰਮੇਸ਼ੁਰ ਦੀ ਜਾਣ ਆਈ ਹੈ, ਉਥੇ ਫੇਰ ਘਬਰਾ ਨਹੀਂ। ਉਹ ਜੋਤਿ ਸਰੂਪ ਹੈ, ਗਿਆਨ ਸਰੂਪ ਹੈ। ਜਦ ਸਾਡੀ ਜਾਣ ਵਿਚ ਗਿਆਨ ਸਰੂਪ ਆ ਗਿਆ ਤਾਂ ਦੁਚਿਤਾਈ ਨਹੀਂ ਰਹਿੰਦੀ, ਦੁਚਿਤਾਈ ਬਿਨਾਂ ਵਿਆਕੁਲਤਾ ਨਹੀਂ ਹੁੰਦੀ।

ਝੰਡਾ (ਸੋਚ ਕੇ)— ਠੀਕ।

ਗੁਰੂ ਜੀ— ਭਲਾ ਝੰਡਿਆ! ਜਦੋਂ ਤੂੰ ਸਵੇਰੇ ਉੱਠਕੇ ਮਨ ਦੀਆਂ ਦੌੜਾਂ ਨੂੰ ਠੱਲ੍ਹਦਾ ਹੈਂ, ਭਗਵੰਤ ਵੱਲੇ ਖਿਆਲ ਨੂੰ ਮੋੜਦਾ ਹੈਂ ਤਦੋਂ ਤਾਂ ਉਸ ਵਲ ਧਿਆਨ ਪੈਂਦਾ ਹੈ, ਪਰ ਜਦੋਂ ਕੰਮ ਕਾਜ ਵਿਚ ਮਗਨ ਹੁੰਦਾ ਹੈਂ, ਸਾਰਾ ਦਿਨ, ਤਦੋਂ ਮਨ ਉਸ ਕੰਮ ਵਿਚ ਹੁੰਦਾ ਹੈ ਮਗਨ, ਤਦੋਂ ਤੂੰ ਕੰਮ ਕਾਜ ਨੂੰ ਜਾਣਦਾ ਹੈਂ, ਭਗਵੰਤ ਨੂੰ ਨਹੀਂ ਜਾਣਦਾ।

ਝੰਡਾ— ਹਾਂ ਜੀ, ਸੱਚ ਤਾਂ ਇਹੋ ਹੈ।

ਗੁਰੂ ਜੀ— ਤਾਂ ਤੂੰ ਪਰਮੇਸ਼ਰ ਨੂੰ ਅਜੇ ਨਹੀਂ ਜਾਣਦਾ, ਕਿਉਂ ਜੋ ਜਦੋਂ ਆਸਣ ਲਾ ਬੈਠਦਾ ਹੈਂ ਤਾਂ ਮਨ ਦਸੋ ਦਿਸ਼ਾਂ ਵਲ ਧਾਂਵਦਾ ਹੈ, ਤੈਥੋਂ ਰੁਕਦਾ ਨਹੀਂ, ਕਦੇ 'ਨਾਮ ਰੂਪ' ਮਿਥਿਆ ਖਿਆਲ ਕਰ ਕਰਕੇ; 'ਅਨਾਮ ਅਰੂਪ' ਦਾ ਇਕ ਆਪਣਾ ਸ਼ੂਨ ਵਰਗਾ ਖਿਆਲ ਬਣਾ ਬਣਾਕੇ ਉਸ ਵਿਚ ਟਿਕਣ ਦੇ ਤਰਲੇ ਲੈਂਦਾ ਹੈਂ, ਸੋ ਉਹ ਤਾਂ ਵਕਤ ਲੰਘਿਆ ਤਰਲਿਆਂ ਵਿਚ। ਦਿਹਾੜੀ ਕੰਮਾਂ ਦੀ ਜਾਣ, ਸਿਆਣ ਤੇ ਭੁਗਤਾਉਣ ਵਿਚ ਸਮਾਂ ਲੰਘ ਗਿਆ। ਰਾਤ ਨੀਂਦ ਵਿਚ ਸੁੱਤਿਆਂ ਜਾਂ ਸੁਪਨਿਆਂ ਵਿਚ ਰੁਝਿਆਂ ਲੰਘ ਗਈ। ਪਰਮੇਸ਼ਰ ਨੂੰ ਤੂੰ ਕਦੋਂ ਜਾਣਦਾ ਹੁੰਦਾ ਹੈ।

ਆਪਣੇ ਮਨ ਦੀ ਇਹ ਵਿਵੇਚਨਾ ਤੇ ਅਪਣੇ ਰੁਝੇਵੇਂ ਦਾ ਇਹ ਹਿਸਾਬ ਸੁਣਕੇ ਝੰਡਾ ਘਬਰਾਇਆ, ਘਬਰਾਕੇ ਵਿਚਾਰ ਵਿਚ ਪੈ ਗਿਆ। ਵਿਚਾਰ ਨੇ ਦੱਸਿਆ ਕਿ ਜੋਤਿ ਨਿਰੰਜਨੀ ਜੀ ਸੱਚ ਕਹਿ ਰਹੇ ਹਨ, ਮਨ ਮੇਰਾ ਹੈ ਤੇ ਉਸ ਦੀ ਦਸ਼ਾ ਆਪ ਦੱਸ ਰਹੇ ਹਨ। ਆਖਣ ਲੱਗਾ: ਸੱਚ ਕਿਹਾ ਨੇ, ਐਵੇਂ ਹੀ ਚਿੱਤ ਵਿਚ ਸਤਿਸੰਗ ਦਾ ਮਾਨ ਧਾਰੀ ਬੈਠਾ ਹਾਂ, ਆਪਣੇ ਪੋਲ ਦੀ ਆਪ ਨੂੰ ਸੋਝੀ ਨਾ ਪਈ।

ਗੁਰੂ ਜੀ— ਝੰਡਿਆ! ਜੋ ਕਿਸੇ ਦੇ ਅੰਦਰ ਧਨ ਹੈ ਤੇ ਉਸ ਨੂੰ ਹਰ ਵੇਲੇ ਅਪਣੇ ਧਨ ਦਾ ਗਿਆਨ ਨਹੀਂ ਰਹਿੰਦਾ ਤਾਂ ਉਹ ਕਿਸੇ ਲੋੜ ਵੇਲੇ ਧਨ ਦੇ ਅੰਦਰ ਹੁੰਦਿਆਂ ਸੁੰਦਿਆਂ ਥੁੜ ਖੜੋਵੇਗਾ। ਉਸ ਵੇਲੇ, ਉਸ ਛਿਨ, ਜਦੋਂ ਕਿ ਧਨ ਦੇ ਅੰਦਰ ਹੋਣ ਦਾ ਗਿਆਨ ਉਸ ਨੂੰ ਭੁੱਲ ਗਿਆ ਹੈ, ਧਨ ਦਾ ਉਸ ਲਈ ਹੋਣਾ ਨਾ ਹੋਣਾ ਬਰਾਬਰ ਹੈ, ਉਸ ਨੇ ਹੁੰਦੇ ਧਨ ਨੂੰ ਨਹੀਂ ਜਾਣਿਆਂ।

ਝੰਡਾ ਅੱਖਾਂ ਮੀਟੀ ਦਿਲ ਦਾ ਸਾਰਾ ਤਾਣ ਲਾਕੇ ਸਮਝਣ ਵੱਲ ਲੱਗ ਰਿਹਾ ਸੀ। ਜਾਂ ਆਪ ਚੁੱਪ ਹੋ ਗਏ ਤਾਂ ਬੰਦ ਅੱਖਾਂ ਵਿਚ ਹੀ ਸਿਰ ਹਿਲਾ ਹਿਲਾਕੇ ਕਹਿਣ ਲੱਗਾ:— ਠੀਕ, ਠੀਕ। ... ਝੰਡੇ ਨੇ ਅਪਣੇ ਘਰ ਵਿਚ ਵੱਸਦੇ ਠਾਕੁਰ

ਨੂੰ ਹੁੰਦਿਆਂ ਸੁੰਦਿਆਂ ਨਹੀਂ ਜਾਣਿਆਂ ਪਰ ਨਹੀਂ ਜਾਣਿਆਂ। ਠੀਕ ਹੈ, ਉਹ ਕਾਹਦਾ ਜਾਣਿਆਂ ਜੁ ਅੱਠੇ ਪਹਿਰ ਭੁੱਲ ਪਈ ਰਹੀ, ਕਦੇ ਸੰਝ ਵੇਲੇ ਬਰਸਾਤ ਦੇ ਬੱਦਲਾਂ ਵਿਚੋਂ ਤਰਲੇ ਲੈ ਲੈਕੇ ਕੋਈ ਕਿਰਨ ਦਿੱਸੀ, ਕੋਈ ਉਹਲੇ ਹੋ ਗਈ। ਇਸ ਹਿਸਾਬ ਤਾਂ ਅਸਾਂ ਨਹੀਂ ਜਾਤਾ, ਨਹੀਂ ਸਿਆਤਾ, ਨਹੀਂ ਪਛਾਤਾ। (ਸਿਰ ਫੇਰਕੇ) ਆਹ! ਐਵੇਂ ਬੀਤ ਗਈ... ਬਿਰਥਾ ਲੰਘ ਗਈ।

ਗੁਰੂ ਜੀ— ਝੰਡਿਆ! ਨਿਰਾਸ ਬੀ ਨਾ ਹੋ ਜੋ ਤੈਨੂੰ ਲਗਨ ਲੱਗੀ ਹੈ {ਜਿਸ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥ (ਸੁਖਮਨੀ)}, ਜੋ ਤੈਨੂੰ ਭਗਵੰਤ ਦੇ ਮਿਲਾਪ ਦੀ ਤ੍ਰਿਖਾ ਹੈ ਸੋ ਭੀ ਧੰਨਤਾ ਜੋਗ ਹੈ, ਉਸੇ ਨੇ ਮਿਲਾਉਣਾ ਹੈ। ਜਿਸ ਦੇ ਅੰਦਰ ਦਰਸ਼ਨ ਦੀ ਸਿੱਕ ਨਹੀਂ, ਤਾਂਘ ਨਹੀਂ, ਉਹ ਤਾਂ ਮੁਰਦੇ ਸਮਾਨ ਹੈ। {ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥ (ਸ.ਫ.)} ਮੁਰਦੇ ਨੂੰ ਮਿਲਾਪ ਦੇ ਕੋਈ ਅਰਥ ਨਹੀਂ ਹੁੰਦੇ। ਤੇਰਾ ਮਨ ਜੀਉਂਦਾ ਹੈ ਜੋ ਸਿੱਕਦਾ ਹੈ। ਸਮਝਣ ਗੋਚਰੀ ਗੱਲ ਇਹ ਹੈ ਕਿ ਤੂੰ ਉਸ ਨੂੰ ਜਾਣਿਆਂ ਨਹੀਂ, ਸਹੀ ਨਹੀਂ ਕੀਤਾ।

ਝੰਡਾ (ਤੜਫ ਕੇ)— ਕਿਵੇਂ ਜਾਣਾ? ਕਿਵੇਂ ਸਿਆਣਾਂ?

ਗੁਰੂ ਜੀ— ਪਰਮੇਸ਼ਰ ਅਨੰਤ ਹੈ, ਉਸ ਦਾ ਕੋਈ ਆਦਿ ਨਹੀਂ, ਕੋਈ ਅੰਤ ਨਹੀਂ। ਅਸੀਂ ਅੰਤ ਵਾਲੇ ਹਾਂ। ਅਨੰਤ ਤੇ ਅੰਤ ਵਾਲੇ ਵਿਚ ਵਿੱਥਾਂ ਪਈਆਂ ਹਨ, ਇਹ ਵਿੱਥਾਂ ਦੂਰ ਕਰਨੀਆਂ ਹਨ।

ਝੰਡਾ (ਤਰਲੇ ਦੀ ਸੁਰ ਵਿਚ)— ਕਿਵੇਂ, ਜੀਓ ਜੀ, ਕਿਵੇਂ?

ਗੁਰੂ ਜੀ— ਅਨੰਤ ਤੇ ਅੰਤ ਵਾਲੇ ਵਿਚ ਇਕ ਵਿੱਥ ਕਾਲ ਦੀ ਹੈ, ਸਮੇਂ ਦੀ। ਸਾਡੇ ਸਾਰੇ ਅੰਤ ਵਾਲਿਆਂ ਦਾ ਕਾਲ (ਸਮਾਂ) ਛਿਨ ਛਿਨ ਕਰਕੇ ਲੰਘਦਾ ਹੈ, ਜੋ ਅਸੀਂ ਛਿਨ ਛਿਨ ਸੰਭਾਲ ਕਰੀਏ ਤਾਂ ਹਰ ਛਿਨ ਸੰਭਾਲਦਿਆਂ ਸਾਰੀਆਂ ਛਿਨਾਂ ਦੀ ਇਕ ਮਾਨੋ ਲੜੀ ਜਿਹੀ ਬਣ ਜਾਏਗੀ, ਇਸ ਨੂੰ ਕਹਾਂਗੇ' ਸੰਭਾਲ ਦੀ ਲੜੀ। ਇਹ ਲੜੀ ਇਕ ਤਰ੍ਹਾਂ ਦੀ ਲਗਾਤਾਰ ਹੋ ਜਾਏਗੀ; ਮਾਨੋਂ ਅਸਾਂ ਕਾਲ ਦੀ ਹਰ ਛਿਨ ਨੂੰ ਸੰਭਾਲ ਕੇ ਆਪਣੇ ਤੇ ਅਨੰਤ ਦੇ ਵਿਚਾਲੇ ਕਾਲ ਦੀ ਨਦੀ ਉੱਤੇ, ਇਕ ਪੁਲ ਬੰਨ੍ਹ ਲਿਆ ਤੇ ਇਸ ਵਿੱਥ ਨੂੰ ਮਾਨੋਂ ਦੂਰ ਕਰ ਲਿਆ ਹੈ।

ਝੰਡਾ— ਠੀਕ ਹੈ, ਠੀਕ ਹੈ, ਕਿਹਾ ਸੁਹਣਾ ਕਰਕੇ ਸਮਝਾਇਆ ਨੇ, ਪਰ ਇਸ ਨੂੰ ਕਰਣੀ ਕਰਤੱਬ ਵਿਚ ਕੀਕੂੰ ਲਿਆਉਣਾ ਹੈ, ਉਹ ਜ਼ਰਾ ਖੋਹਲਕੇ ਦਸੋ ਨਾ ਜੀਉ? ਕਿਉਂਕਿ ਮੇਰਾ ਮਨ ਸ਼ਾਸਤ੍ਰ ਬੁੱਧੀ ਦੇ ਮਗਰ ਲੱਗਕੇ ਹੋਰਵੇਂ ਹੋਰਵੇਂ ਸਮਝਦਾ ਰਿਹਾ ਹੈ, ਜਿਸ ਨਾਲ ਮਨ ਤਾਂ ਸਬੁੱਧ ਹੁੰਦਾ ਗਿਆ ਹੈ, ਪਰ ਹੁਣ ਸੋਝੀ ਪੈਂਦੀ ਹੈ ਕਿ ਅੰਦਰ ਪੁੜਿਆ ਘਟਿਆ ਕੁਛ ਨਹੀਂ। ਕਰਨੀ ਕਰਤੱਵ ਦਾ ਵੱਲ ਠੀਕ ਨਹੀਂ ਆਇਆ, ਤਾਂ ਹੀ ਸਦਾ ਵਿਆਕੁਲ ਹੁੰਦਾ ਰਿਹਾ ਹਾਂ।

ਸੋਝੀ ਪੈਂਦੀ ਹੈ ਕਿ ਅੰਦਰ ਪੁੜਿਆ ਘਟਿਆ ਕੁਛ ਨਹੀਂ। ਕਰਨੀ ਕਰਤੱਵ ਦਾ ਵੱਲ ਠੀਕ ਨਹੀਂ ਆਇਆ, ਤਾਂ ਹੀ ਸਦਾ ਵਿਆਕੁਲ ਹੁੰਦਾ ਰਿਹਾ ਹਾਂ।

ਗੁਰੂ ਜੀ— ਪਰਮੇਸ਼ੁਰ ਹੈ, ਇਹ ਗੱਲ ਤਾਂ ਪਰਤੱਖ ਹੈ, ਉਸ ਦਾ ਸਰੂਪ 'ਹੈ' ਹੀ ਤਾਂ ਹੈ 'ਸੱਤਜ' ਸਰੂਪ, 'ਹੈ' ਸਰੂਪ, ਠੀਕ ਹੈ?

ਝੰਡਾ— ਜੀਉ ਹਾਂ ਸੱਤਿ, ਤਿੰਨੇ ਕਾਲ ਸੱਤਿ ਸਦਾ ਸਤਿ, 'ਉਹ ਹੈ', ਇਹੋ ਦੱਸਿਆ ਨੇ ਨਾ?

ਗੁਰੂ ਜੀ— 'ਹੈ' 'ਉਹ ਹੈ', ਇਹ ਉਸ ਦਾ ਇਕ ਸਰੂਪ ਹੈ, 'ਉਹ ਹੈ', ਇਹ ਭਾਵ ਸਾਡੇ ਅੰਦਰ ਨਹੀਂ ਹੈ। ਸਾਡੇ ਅੰਦਰ 'ਉਹ ਹੈ' ਇਹ ਭਾਵ ਕਿਵੇਂ ਵੱਸ ਜਾਵੇ ਤਾਂ ਉਸ ਦਾ ਸਰੂਪ ਅੰਦਰ ਵੱਸ ਗਿਆ, ਸਾਡੀ ਜਾਣ ਵਿਚ ਆ ਗਿਆ, ਪਰ ਅਸੀਂ ਕਾਲ ਵਿਚ ਵੱਸਦੇ ਹਾਂ, ਕਾਲ ਸਾਡਾ ਛਿਨ ਛਿਨ ਕਰਕੇ ਲੰਘਦਾ ਹੈ, ਮਨ ਦਾ ਸੰਕਲਪ ਛਿਨ ਛਿਨ ਵਿਚ ਹੋਰਨਾਂ ਪਰਚਿਆਂ, ਸੋਚਾਂ ਵਿਚ ਤੁਰਿਆ ਜਾ ਰਿਹਾ ਹੈ, ਮਾਨੋਂ ਸਾਡਾ ਸਾਰਾ ਕਾਲ ਇਸ 'ਹੈ' ਭਾਵਨਾਂ ਦੇ ਵਿਸਾਰੇ ਵਿਚ ਲੰਘ ਜਾਂਦਾ ਹੈ। ਜੇ ਅਸੀਂ ਵਿਸਾਰੇ ਦੀ ਥਾਂ ਯਾਦ ਨੂੰ ਕਹੋ, ਯਾ ਚੇਤੇ ਨੂੰ ਕਹੋ ਯਾ ਸਿਮਰਣ ਨੂੰ ਕਹੋਂ, ਅੰਦਰ ਪਾ ਲਈਏ......

ਝੰਡਾ (ਜ਼ਰਾ ਕਾਹਲਾ ਹੋਕੇ)— ਕਿਵੇਂ?

ਗੁਰੂ ਜੀ— 'ਪਰਮੇਸ਼ੁਰ ਹੈ' ਇਹ ਗੱਲ ਹਰ ਛਿਨ ਅਸੀਂ ਯਾਦ ਰੱਖੀਏ, ਸਾਡੇ ਚੇਤੇ ਵਿਚੋਂ 'ਉਹ ਹੈ' ਇਹ ਗੱਲ ਕਿਸੇ ਛਿਨ ਨਾ ਨਿਕਲੇ, ਤਾਂ ਸਮਝ ਲੈ ਕਿ ਇਹ ਸਿਆਣ ਲਗਾਤਾਰ ਸਿਆਣ ਹੋ ਕੇ ਸਾਨੂੰ ਉਸ ਦੇ 'ਹੈ' ਹੋਣ ਦੀ ਬੱਝ ਜਾਏਗੀ ਕਿ ਨਾ? ਹਰ ਛਿਨ ਯਾਦ ਰਹੇ ਕਿ ਉਹ 'ਹੈ' ਤਾਂ ਕੋਈ ਛਿਨ ਨਾ ਆਊ ਕਿ ਸਾਨੂੰ 'ਹੈ' ਭੁੱਲ ਜਾਵੇ, ਤਦ 'ਹੈ' ਦੀ ਗਿਆਤ ਲਗਾਤਾਰ ਸਾਡੇ ਅੰਦਰ ਹੋ ਗਈ, ਅਸੀਂ ਕਾਲ ਦੀ ਨਦੀ ਉੱਤੇ ਪੁਲ ਬਣਾਕੇ ਅਨੰਤ ਦੇ ਦੇਸ਼ ਨਾਲ ਜਾ ਛੋਹੇ ਕਿ ਨਾ? 'ਅੰਤ ਵਾਲੇ' ਦੇ ਅੰਦਰ 'ਅਨੰਤ' ਦੀ 'ਹੈ' ਦਾ ਭਾਵ ਇਕ ਤਰ੍ਹਾਂ ਨਾਲ ਲਗਾਤਾਰ ਭਾਵ ਹੋ ਗਿਆ।

ਝੰਡਾ— ਠੀਕ ਹੈ, (ਠੰਢਾ ਸਾਹ ਲੈ ਕੇ) ਕਿਵੇਂ ਕੱਖ ਦੇ ਉਹਲਿਓਂ ਲੱਖ ਕੱਢ ਦਿਖਾਇਆ ਨੇ!

ਗੁਰੂ ਜੀ— ਫਿਰ ਇਸ ਲਗਾਤਾਰ ਹੋਂਦ ਦਾ ਅੰਦਰ ਅਭਿਆਸ ਕਰੋ, 'ਕਰਤਾਰ ਹੈ' 'ਮੇਰੇ ਅੰਦਰ ਹੈ', 'ਹੈ' 'ਹੈ' ਚਿੰਤਨ ਕਰਦਿਆਂ, ਚੇਤੇ ਵਿਚ 'ਹੈ' ਵੱਸ ਜਾਏਗੀ। ਫਿਰ ਚੇਤੇ ਵਿਚ ਰੱਖੀ ਗੱਲ ਧੁਰ ਅੰਦਰਲੇ ਚਿੱਤ ਵਿਚ ਉਤਰ ਜਾਏਗੀ। {ਹੈ ਹੈ ਕਰਿ ਕੈ ਓਹਿ ਕਰੇਨਿ॥ ਗਲ੍ਹਾ ਪਿਟਨਿ ਸਿਰੁ ਖੋਹੇਨਿ॥ ਨਾਉ ਲੈਨਿ ਅਰੁ ਕਰਨਿ ਸਮਾਇ॥ ਨਾਨਕ ਤਿਨ ਬਲਿਹਾਰੈ ਜਾਇ॥੬॥ ਮ:੧॥)} ਕੋਈ ਦਿਨ ਐਸਾ ਆਵੇਗਾ ਕਿ ਇਹ ਪ੍ਰਵਾਹ ਲਗਾਤਾਰੀ ਹੋ ਜਾਏਗਾ; ਸੁਭਾਵਕ ਹੋ ਜਾਏਗਾ, ਸੁਤੇ ਸਿੱਧ ਟੁਰਦਾ ਰਹੇਗਾ, ਤਦੋਂ ਸਮਝੀਂ ਕਿ ਪਰਮੇਸ਼ੁਰ ਨੂੰ ਕੁਛ ਜਾਣਿਆ ਹੈ।

ਝੰਡਾ— ਸਤਿਸੰਗੀ ਕਹਾਉਣ ਵਾਲੇ ਲੋਕ ਕਿ ਗਿਆਨੀ ਲੋਕ ਕਥਾ ਕਰਨ ਵੇਲੇ ਕਿ ਸਮਝਣ ਸਮਝਾਉਣ ਵੇਲੇ, ਕਿ ਚਰਚਾਵਾਦ ਵੇਲੇ ਜਾਂ ਕੋਈ ਵਿਰਲੇ ਘੜੀ ਅੱਧ ਘੜੀ ਬੈਠ ਕੇ ਤਰਲਾ ਲੈ ਕੇ ਸਮਝਦੇ ਹਨ ਕਿ ਅਸਾਂ ਸਾਂਈਂ ਨੂੰ ਜਾਣ ਲਿਆ ਹੈ। ਇਹੋ ਭੁੱਲ ਭਲਿਆਂ ਨੂੰ ਵਾਪਰ ਰਹੀ ਹੈ, ਅੱਠਾਂ ਪਹਿਰਾਂ ਵਿਚੋਂ ਸੱਤ ਪਹਿਰ ਤੇ ਪੌਣੀਆਂ ਅੱਠ ਘੜੀਆਂ ਭੁੱਲ ਵਿਚ ਵੱਸਦੇ, ਮਨੋਂ ਦੂਰੀ ਵਿਚ ਰਹਿੰਦੇ, ਵਿੱਥਾਂ ਤੇ ਖੜੋਕੇ ਕਾਲ ਦੀ ਨਦੀ ਵਿਚ ਕੱਖ ਪਲਾਹ ਇਕੱਠੇ ਕਰਦਿਆਂ ਲੰਘ ਜਾਂਦੇ ਹਨ, ਫਿਰ ਆਸੀਂ ਕਹਿੰਦੇ ਹਾਂ ਅਸੀਂ ਸਤਿਸੰਗੀ ਹਾਂ, ਰੱਬ ਦੇ ਪ੍ਰੇਮੀ ਹਾਂ, ਭਲੇ ਹਾਂ, ਵੈਰਾਗੀ ਹਾਂ, ਅਸਾਂ ਜਾਤਾ ਹੈ, ਬਾਕੀ ਦਾ ਜਗਤ ਮਗਨ ਅਵਸਥਾ ਵਿਚ ਹੈ; ਫਿਰ ਅਸੀ ਉਹਨਾਂ ਨੂੰ ਉਪਦੇਸ਼ ਦੇਣ ਬੀ ਤੁਰ ਪੈਂਦੇ ਹਾਂ। ਭੁੱਲ ਦਰ ਭੁੱਲ ਹੁੰਦੀ ਹੈ। ਸ਼ੋਕ ਹੈ ਆਪੇ ਤੇ, ਹਾਂ, ਮੈਨੂੰ ਸ਼ੋਕ ਹੈ ਆਪਣੇ ਆਪੇ ਤੇ।

ਗੁਰੂ ਜੀ— ਕਾਲ ਛਿਨ ਛਿਨ ਕਰਕੇ ਟੁਰ ਰਿਹਾ ਹੈ, ਪਰ ਭਾਸਦਾ ਇਕ ਵਗਦੀ ਧਾਰਾ ਵਾਂਙੂ ਹੈ, ਤਿਵੇਂ ਛਿਨ ਛਿਨ ਵਿਚ ਸਾਂਈਂ ਨੂੰ ਯਾਦ ਰੱਖੋ, ਇਹ ਛਿਨ ਛਿਨ ਦੀ ਯਾਦ ਇਕ ਅਵਿਰਲ ਧਾਰਾ ਵਾਂਙੂ ਪਰਵਾਹ ਬਣ ਜਾਏਗੀ। ਜਿਵੇਂ ਧਨੀ ਨੂੰ ਆਪਣੇ ਧਨ ਦਾ ਗਿਆਨ ਲਗਾਤਾਰੀ ਹੈ, ਤਦੇ ਹੀ ਉਹ ਧਨ ਦਾ ਸੁਖ ਮਾਣਦਾ ਹੈ, ਤਿਵੇਂ ਸਾਈਂ ਦੀ ਹੋਂਦ ਦਾ ਅਭਿਆਸ ਲਗਾਤਾਰ ਹੋਕੇ ਗਿਆਨ ਰੂਪ ਹੋ ਜਾਏਗਾ, ਲਗਾਤਾਰ 'ਹੈ' ਦਾ ਭਾਵ ਚੇਤੇ ਵਿਚ ਵਸਦਾ ਵਸਦਾ ਚਿੱਤ ਵਿਚ ਟਿਕ ਜਾਏਗਾ ਤੇ ਚੇਤੇ ਵਿਚ ਲਗਾਤਾਰੀ ਗਿਆਨ ਭਾਸੇਗਾ, ਇਸ ਤੋਂ ਸੁਆਦ, ਰਸ ਤੇ ਅਨੰਦ ਮਿਲੇਗਾ।

ਝੰਡਾ— ਮੈਂ ਜਗੋਤ ਨਿਰੰਜਨੀ ਜੀ! ਸਮਝ ਲਿਆ ਹੈ, ਸੁਆਦ ਆਇਆ ਹੈ, ਪਰ ਡਰਦਾ ਹਾਂ ਕੁਛ ਚਿਰ ਨੂੰ ਛਿਨ ਛਿਨ ਦੀ ਯਾਦ ਭੁੱਲ ਜਾਏਗੀ। ਸੁਣਦੇ ਤੇ ਸਮਝਦੇ ਸਾਰ ਰੌ ਟੁਰ ਨਹੀਂ ਪੈਂਦਾ, ਪਰ ਆਪ ਦੇ ਬਚਨ ਦਾ ਸਦਕਾ ਹੁਣ ਟੁਰਦਾ ਲਗਦਾ ਹੈ, ਕਿਤੇ ਇਹ ਘੜੀ ਕੁ ਨੂੰ ਖੜੋ ਨਾ ਜਾਵੇ।

ਗੁਰੂ ਜੀ— ਝੰਡਿਆ! ਗੱਲ ਤਾਂ ਗਹੁ ਕਰਕੇ ਪਕੜਨ ਵਾਲੀ— ਮਨ ਦੇ ਪੱਲੇ ਵਿਚ ਪਾਕੇ ਖਿੱਚਕੇ ਗੰਢ ਦੇ ਲੈਣ ਵਾਲੀ-ਹਈ ਇਹੋ। ਜੇ ਕਿਸੇ ਦਾ ਮਨ ਉੱਚਾ ਸੁੱਚਾ ਹੈ, ਤਾਂ ਸੁਣਦੇ ਸਾਰ ਇਹ ਯਾਦ ਦਾ ਰਉ ਟੁਰ ਪਏਗਾ। ਇਹ ਮਨ ਦੀ ਅਵਸਥਾ ਦੀ ਗੱਲ ਹੈ। ਕਈ ਮਨ ਐਸੇ ਹਨ ਕਿ ਸੁਣਦੇ ਸਾਰ ਲੱਗ ਪੈਂਦੇ ਹਨ, ਪਰ ਐਸੇ ਮਨ ਵਿਰਲੇ ਹਨ॥ ਕਮਾਏ ਹੋਏ ਮਨ ਜੋ ਦੀਵੇ, ਵੱਟੀ, ਤੇਲ ਦੇ ਮੇਲ ਵਾਂਙੂ ਤਿਆਰ ਹੁੰਦੇ ਹਨ, ਲਾਟ ਦੀ ਛੁਹ ਲਗਦੇ ਸਾਰ ਬਲ ਪੈਂਦੇ ਹਨ, ਪਰ ਜੋ ਮਨ ਕਮਾਏ ਹੋਏ ਨਹੀਂ, ਜਿਨ੍ਹਾਂ ਨੂੰ ਵੈਰਾਗ, ਸਤਿਸੰਗ ਆਦਿ ਕੋਈ ਤਰਲੇ ਪਹਿਲੇ ਕਿ ਹੁਣ ਨਹੀਂ ਲੰਘੇ, ਉਹ ਲੱਗ ਤਾਂ ਪੈਂਦੇ ਹਨ, ਪਰ ਫਿਰ ਭੁੱਲਦੇ ਹਨ।— ਸਾਹਿਬ— ਸੱਚੇ ਸਾਹਿਬ ਦੀ ਯਾਦ ਤੋਂ ਵਿਸਰ ਵਿਸਰ ਜਾਂਦੇ ਹਨ, ਉਹਨਾਂ ਨੂੰ ਫਿਰ ਇਕ ਹੋਰ ਸਮਝ ਕਰਨੀ ਪੈਂਦੀ ਹੈ।

ਝੰਡਾ— ਉਹ ਜ਼ਰੂਰ ਦੱਸੋਂ, ਮੈਨੂੰ ਆਪਣੇ ਮਨ ਤੇ ਪਤੀਜਣਾ ਨਹੀਂ ਕਿ ਹੁਣ ਵਾਂਙੂ ਟੁਰਿਆ ਰਹੇਗਾ, ਮੇਰਾ ਮਨ ਕੱਚਾ ਹੈ, ਖਿਆਲ ਕਰਦਾ ਹੈ ਕਿ ਮੈਂ ਵਧੀਆ ਕਿਸਮ ਦਾ ਹਾਂ ਪਰ ਹੈ ਸਾਧਾਰਣ ਜੇਹਾ ਤੇ ਕੱਚਾ ਜੇਹਾ।

ਗੁਰੂ ਜੀ— ਕਦੇ ਮੁੰਡੇ ਪੜ੍ਹਦੇ ਡਿੱਠੇ ਨੀ! ਇਕ ਇਕ ਪਦ ਨੂੰ ਕਿੰਨੀ ਕਿੰਨੀ ਵਾਰੀ ਘੋਖਦੇ ਹਨ। ਘੋਖਦਿਆਂ ਘੋਖਦਿਆਂ ਉਹ ਪਦ, ਉਸ ਦਾ ਅਰਥ ਉਨ੍ਹਾਂਦੇ ਚੇਤੇ ਵਿਚ ਬੈਠਦਾ, ਹੇਠਾਂ ਚਿਤ ਵਿਚ ਲਹਿ ਜਾਂਦਾ ਹੈ, ਫਿਰ ਕਦੇ ਨਹੀਂ ਭੁੱਲਦਾ। ਸੋ ਕਿਸੇ ਗੱਲ ਨੂੰ ਘੜੀ ਮੁੜੀ ਚੇਤੇ ਵਿਚ ਵਸਾਉਂਦਿਆਂ ਉਹ ਅੰਦਰ ਘਟ ਵਿਚ, ਦਿਲ ਦੇ ਹੇਠਲੇ ਪਰਤ ਵਿਚ ਬੈਠਕੇ ਪੱਕੀ ਹੋ ਜਾਂਦੀ ਹੈ, ਉਹੋ ਸਾਡਾ ਗਿਆਨ ਹੈ ਤੇ ਉਹੋ ਸੁਖ ਦੇਂਦਾ ਹੈ। ਸੋ ਜੋ ਗੱਲ ਇਕੋ ਵਾਰੀ ਸੁਣਕੇ ਚੇਤੇ ਵਿਚ ਨਹੀਂ ਵਸ ਜਾਂਦੀ ਉਸ ਨੂੰ ਜੀਭ ਨਾਲ ਦੁਹਰਾਈਦਾ ਹੈ ਘੜੀ ਮੁੜੀ ਉਚਾਰੀਦਾ ਹੈ, ਰਟਨ ਕਰੀਦਾ ਹੈ ਉਹ ਫਿਰ ਚੇਤੇ ਵਿਚ ਵੱਸਦੀ ਹੈ। ਭਾਵ ਇਹ ਕਿ ਚੇਤੇ ਵਿਚ ਕਿਸੇ ਸ਼ੈ ਨੂੰ ਵਸਾਉਣ ਲਈ ਉਸ ਦਾ ਬਾਰ ਬਾਰ ਰਟਨ ਕਰਨਾ ਸਹਾਈ ਹੁੰਦਾ ਹੈ: ਜਿਵੇਂ ਤੈਨੂੰ ਦੱਸਿਆ ਸੀ ਕਿ ਚੇਤੇ ਵਿਚ ਕਿਸੇ ਗਲ ਨੂੰ ਬਾਰਬਾਰ ਵਸਾਇਆਂ ਉਹ ਗਲ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਵਸ ਜਾਂਦੀ ਹੈ। ਸੋ ਪਰਤੱਖ ਹੈ ਕਿ ਚੇਤੇ ਵਿਚ ਵਸਾਉਣ ਲਈ ਬਹੁਤ ਵੇਰੀ ਸਾਨੂੰ ਰਸਨਾ ਦੇ ਰਟਨ ਤੋਂ ਸਹਾਇਤਾ ਮਿਲ ਜਾਂਦੀ ਹੈ। ਇਹ ਗਲ ਕਿ ਰਟਨ ਨਾਲ— ਬਾਰ ਬਾਰ ਉਚਾਰਨ ਨਾਲ— ਜਪਣ ਨਾਲ, ਚੇਤੇ ਵਿਚ, ਯਾਦ ਵਿਚ ਸਿਮਰਨ ਵਿਚ ਗੱਲ ਵੱਸ ਜਾਂਦੀ ਹੈ, ਪਰਤੱਖ ਹੈ। ਸਾਡੇ ਮਨ ਦੀ ਅੰਦਰਲੀ ਕਲਾ ਦੀ ਬਨਾਵਟ ਐਸੀ ਹੈ ਤੇ ਹਰ ਕੋਈ ਸਮਝਦਾ ਹੈ। ਜਿਤਨੇ ਵਿਦਵਾਨ ਹਨ ਸਭ ਨੇ ਵਿਦਯਾ ਇਸੇ ਤਰ੍ਹਾਂ ਰਟ ਰਟ ਤੇ ਯਾਦ ਕਰ ਕਰਕੇ ਅੰਦਰ ਵਸਾਈ ਹੈ। ਸੋ ਝੰਡਿਆ! ਜੋ ਤੌਖਲਾ ਹੋਵੇ ਕਿ 'ਸਾਈਂ ਦੀ ਹੋਂਦ' ਸਾਡੀ ਯਾਦ ਵਿਚ ਲਗਾਤਾਰੀ ਨਿਵਾਸ ਨਹੀਂ ਕਰੇਗੀ ਤਾਂ ਸਾਂਈ ਦਾ 'ਨਾਮ' ਰਸਨਾ ਤੇ ਬਿਠਾਕੇ ਜਪ ਕਰੀਏ, ਰਟਨ ਕਰੀਏ, ਬਾਰ ਬਾਰ ਉਚਾਰੀਏ। ਇਸ ਰਸਨਾ ਦੇ ਅੱਭਯਾਸ ਨਾਲ, ਇਸ ਜੀਭ ਨਾਲ ਨਾਮ ਜਪਣ ਨਾਲ ਸਾਂਈ ਦੀ ਹੋਂਦ ਯਾਦ ਵਿਚ ਵੱਸ ਜਾਏਗੀ, ਯਾਦ ਵਿਚੋਂ ਕਿਸੇ ਵੇਲੇ ਨਾ ਨਿਕਲਣ ਦੇਣ ਨਾਲ ਇਹ ਭਾਵ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਲਗਾਤਾਰੀ ਰੰਗ ਵਿਚ ਟਿਕ ਜਾਏਗਾ।

ਝੰਡਾ ਸਾਹ ਘੁੱਟ ਘੁੱਟ ਕੇ, ਸਾਰਾ ਧਯਾਨ ਲਾ ਲਾਕੇ ਸਮਝ ਰਿਹਾ ਸੀ। ਹੁਣ ਇਕ ਲੰਮਾ ਸਾਹ ਲੈ ਕੇ ਤੇ, 'ਉਫ਼' ਜਿਹੀ ਮੱਧਮ ਅਵਾਜ਼ ਕਰਕੇ ਆਖਣ ਲਗਾ-ਸੁਆਦ ਆ ਗਿਆ ਹੈ, ਸਮਝੇ ਪੈ ਗਿਆ ਹੈ, ਜੇ ਆਪ ਮੂਰਖ ਨੂੰ ਸਮਝਾਉਂਦੇ ਥੱਕ ਨਾ ਗਏ ਹੋਵੋ ਤਾਂ ਇਕ ਗੱਲ ਹੋਰ ਸਮਝਾ ਦਿਓ? ਇਹ ਤਾਂ ਡਾਢਾ ਸੁਹਣਾ ਸਮਝੇ ਪੈ ਗਿਆ ਹੈ ਕਿ ਸਾਂਈ ਦੀ 'ਹੋਂਦ' ਸਾਡੀ ਯਾਦ ਵਿਚ ਹਰ ਛਿਨ ਵੱਸੇ, ਜੋ ਐਉਂ ਮਨ ਦੀ ਸੂਖਮ ਗਤੀ ਵਿਚ ਯਾਦ, ਅਰਥਾਤ ਸਾਂਈਂ ਦੀ ਹੋਂਦ ਦੀ

'ਯਾਦ', ਲਗਾਤਾਰੀ ਹੋਕੇ ਨਾ ਵੱਸੇ, ਭੁੱਲ ਭੁੱਲ ਜਾਵੇ, ਮੁੜ ਮੁੜ ਚੇਤੇ ਆਵੇ, ਮੁੜ ਮੁੜ ਭੁੱਲ ਭੁੱਲ ਜਾਵੇ, ਤਾਂ ਸਾਂਈ ਦਾ ਨਾਮ ਰਸਨਾ ਨਾਲ ਜਪੇ। ਇਹ ਅੱਭਯਾਸ 'ਸਾਂਈਂ' ਦੀ ਹੋਂਦ ਦੇ ਭਾਵ' ਨੂੰ ਯਾਦ ਵਿਚ ਲਗਾਤਾਰੀ ਕਰ ਦੇਵੇਗਾ। ਡਾਢਾ ਸੁਆਦ ਆਇਆ ਹੈ। ਲੋਕੀ ਜੋ ਹੁੱਜਤਾਂ ਘੜਿਆ ਕਰਦੇ ਹਨ, ਵਿਚਾਰ ਨਹੀਂ ਕਰਦੇ। ਮੇਰੇ ਜਹੇ ਮੂਰਖਾਂ ਨੂੰ ਨਾਮ ਜਪਣ ਨਾਲ ਨਾਮ-ਸਿਮਰਣ ਪ੍ਰਾਪਤ ਹੋਵੇਗਾ, ਇਹੋ ਦੱਸਿਆ ਜੇ ਨਾ? (ਸਿਰ ਹਿਲਾਕੇ ਤੇ ਤੱਕਕੇ ਚਿਹਰੇ ਵੱਲ ਜਿਧਰੋਂ ਹਾਂ ਦਾ ਇਸ਼ਾਰਾ ਜਾਪਦਾ ਸੀ) ਕਿ ਸਿਮਰਣ ਨਾਲ ਪਰਮੇਸ਼ੁਰ ਦੀ ਹੋਂਦ ਦਾ ਭਾਵ ਚਿੱਤ ਵਿਚ ਟਿਕ ਜਾਏਗਾ। ਮੈਂ ਐਉਂ ਸਮਝਿਆ ਹੈ ਕਿ ਫਿਰ ਉਠਦਿਆਂ ਬਹਿਦਿਆਂ, ਟੁਰਦਿਆਂ ਸੁੱਤਿਆਂ ਹਰ ਵੇਲੇ 'ਹੈ ਦਾ ਭਾਵ' ਇਕ ਲਗਾਤਾਰੀ ਭਾਵ ਅੰਦਰ ਰਹੇਗਾ। ਭਲਾ ਜੀ, ਫੇਰ ਕੰਮ ਕਾਜ ਤੇ ਹੋਰ ਰੁਝੇਵੇਂ ਤਾਂ ਉਧਰੋਂ ਨਹੀਂ ਉਕਾ ਦੇਣਗੇ?

ਗੁਰੂ ਜੀ— ਝੰਡਿਆ! ਜਦ ਮਨ ਦੇ ਦੂਸਰੇ ਤਬਕ ਵਿਚ— ਸੰਸਕਾਰੀ ਮਨ ਵਿਚ, ਨਾਮ ਵੱਸ ਜਾਵੇਗਾ ਤਦ ਫਿਰ ਕੰਮ ਕਾਜ ਤਾਂ ਸਾਡਾ ਉਪਰਲਾ ਮਨ ਕਰਦਾ ਹੈ ਨਾ, ਉਹ ਪਿਆ ਕਰੇਗਾ, ਪਰ ਉਸ ਦੇ ਅੰਦਰ ਨਾਮ ਦਾ ਰੌਂ ਜਾਰੀ ਰਹੇਗਾ। ਜਦ ਹੀ ਕਿ ਉਪਰਲਾ ਮਨ ਰੁਝੇਵੇਂ ਤੋਂ ਵਿਹਲਾ ਹੋਵੇਗਾ ਕੀ ਦੇਖੇਗਾ ਕਿ ਅੰਦਰੋਂ ਕਿਸੇ ਅਨਜਾਣੇ ਪਰਤ ਵਿਚੋਂ ਨਾਮ ਦੀ ਰੁਚੀ ਜ਼ੋਰ ਦੇ ਰਹੀ ਹੈ, ਫਿਰ ਕੀ ਦੇਖੇਗਾ ਕਿ ਰੌਂ ਟੁਰ ਪਿਆ ਤੇ ਮਨ ਸਿਮਰਨ ਵਿਚ ਹੈ। ਇਸ ਤਰ੍ਹਾਂ ਜਪਣ ਵਾਲਿਆਂ ਦੀ ਰਸਨਾ ਦਾ ਪਰਵਾਹ ਤਾਂ ਟੁਰਦਾ ਹੀ ਜਾਪਦਾ ਹੈ। ਰੁਝੇਵੇਂ ਦੀ ਪਈ ਆਰਜ਼ੀ ਮੈਲ ਬੀ ਉਹਨਾਂ ਦੀ ਛੇਤੀ ਦੂਰ ਹੋ ਜਾਂਦੀ ਹੈ। ਰੁਝੇਵੇਂ ਵੇਲੇ ਇਸੇ ਅੰਦਰਲੇ ਮਨ ਵਿਚ ਜਪ ਜਾਰੀ ਰਹਿਣ ਕਰਕੇ ਤੇ ਫੇਰ ਵਿਹਲੇ ਹੋਕੇ ਤੇ ਸਮਝ ਕੇ ਜਪੇ ਸਿਮਰਣ ਦੇ ਟੁਰ ਪੈਣ ਨਾਲ ਉਹ ਰੁਝੇਵੇਂ ਵੇਲੇ ਆ ਪਈ ਮੈਲ ਪਹਿਲੋਂ ਕੱਟੀ ਜਾਂਦੀ ਹੈ ਤੇ ਫੇਰ ਉਹ ਜਪ ਸਿਮਰਨ ਹੋ ਜਾਂਦਾ ਹੈ।

ਝੰਡਾ— ਠੀਕ, ਆਪ ਨੇ ਇਹ ਸਮਝਾਇਆ ਹੈ ਕਿ ਇਹ ਭਾਵ 'ਹੈ' ਦਾ ਯਾ ਇਉਂ ਕਹੋ ਕਿ ਵਾਹਿਗੁਰੂ ਦੀ ਹੋਂਦ ਦਾ ਗਿਆਨ ਯਾ ਉਸ ਦਾ; ਸਤਿ ਸਰੂਪ' ਐਉਂ ਲਗਾਤਾਰੀ ਹੋ ਜਾਏਗਾ ਸਾਡੇ ਅੰਦਰ; ਇਹ ਭਾਵ ਆਪਣੇ ਆਪ ਨੂੰ ਲਖਾਉਂਦਾ ਰਹੇਗਾ ਸਾਡੇ ਅੰਦਰ।

ਗੁਰੂ ਜੀ— ਹਾਂ, 'ਹੈ' ਦਾ ਭਾਵ ਜਦ ਅੰਦਰ ਲਗਾਤਾਰੀ ਹੋ ਜਾਏਗਾ, ਅੰਦਰਲਾ ਸਾਡਾ ਇਕ ਉਚਿਆਣ ਉੱਤੇ ਆਪੇ ਨੂੰ ਪ੍ਰਤੀਤ ਕਰੇਗਾ, ਇਕ ਜਾਗ੍ਰਤ ਦਾ ਭਾਵ ਕਿ 'ਮਾਨੋ ਸੁੱਤੇ ਹੋਏ ਸਾਂ, ਹੁਣੇ ਜਾਗੇ ਹਾਂ,' ਅੰਦਰ ਜਾਰੀ ਰਹੇਗਾ, ਤਾਜ਼ਗੀ ਤਾਜ਼ਗੀ ਹਲਕਾ ਹਲਕਾਪਨ ਭਾਸੇਗਾ। ਇਸ ਤਰ੍ਹਾਂ ਦੇ ਸੁਆਦ ਅੰਦਰਲੇ ਆਪੇ ਵਿਚ ਪ੍ਰਤੀਤ ਹੋਣਗੇ, ਉਸ ਹਾਲਤ ਨੂੰ ਉਨਮਨ ਕਹੀਦਾ ਹੈ ਕਿ ਮਨ ਉਚਜਾਣ ਵਿਚ ਆ ਗਿਆ ਹੈ। ਯਾ ਇਉਂ ਕਹੋ ਕਿ ਆਪਾ ਦਬਾਵਾਂ ਤੇ ਗਿਰਾਵਾਂ ਤੋਂ ਛੁੱਟਕੇ ਉੱਚਾ ਹੋ ਗਿਆ ਹੈ। ਇਹ ਉਚਜਾਣ ਆਕੜ ਹੈਂਕੜ ਨਾ ਸਮਝਣੀ।ਉਹ ਹੈਂਕੜ ਮਨ ਦੀ ਅਹੰਕਾਰ

ਬ੍ਰਿਤੀ ਹੈ, ਇਹ ਉਚਜਾਣ ਆਪੇ ਦਾ ਆਪੇ ਵਿਚ ਆਕੇ ਉੱਚੇ ਹੋਣਾ ਹੈ ਉਨ੍ਹਾਂ ਅਸਰਾਂ ਤੋਂ ਜੋ ਉਸ ਨੂੰ ਨੀਵਾਂ ਕਰੀ ਰੱਖਦੇ ਹਨ, ਜਿਵੇਂ ਹੁਣ ਤੇਰਾ ਮਨ ਪ੍ਰਤੀਤ ਕਰ ਰਿਹਾ ਹੈ। ਅੰਦਰਲੇ ਦੀ ਅਸਲੀ ਉਚਜਾਣ ਤੇ ਹੈਂਕੜ ਵਾਲੀ ਉਚਾਜਾਣ ਦਾ ਫਰਕ ਹੁਣ ਸਮਝ ਲਿਆ ਨੇ? ਜਗਤ ਦੇ ਮਾਮਲਿਆਂ ਦੀਆਂ ਸੋਚਾਂ ਵਿਚਾਰਾਂ ਮਨ ਨੂੰ ਨੀਵਾਂ ਕਰੀ ਰੱਖਦੀਆਂ ਹਨ' ਸਦਾ ਨੀਵੇਂ ਰਹਿਣ ਕਰਕੇ ਮਨੁੱਖ ਨੂੰ ਮਨ ਦੀ ਅਸਲੀ ਉਚਜਾਣ ਦੀ ਸੋਝੀ ਨਹੀ ਪੈਂਦੀ, ਜਦੋਂ ਸਾਂਈ ਦੀ ਯਾਦ ਨਾਲ ਮਨ ਤੋਂ ਆਸ, ਅੰਦੇਸੇ, ਸੋਚਾਂ, ਆਦਿਕਾਂ ਦੇ ਬੋਝ ਢਹਿ ਪੈਂਦੇ ਹਨ ਤਾਂ ਮਨ ਇਸ ਉਚਿਆਣ ਨੂੰ ਅਨੁਭਵ ਕਰਦਾ ਹੈ।(ਆਸਾ ਅੰਦੇਸਾ ਦੁਇ ਪਟਜੜੇ।)

ਝੰਡਾ— ਜੀ ਹਾਂ, ਮੇਰੇ ਨਿਰੰਕਾਰ ਦੇ ਪਿਆਰੇ ਜੀਉ! ਸਮਝਿਆ ਹੈ। ਹਾਂ, ਗੱਲ ਇਕ ਹੋਰ ਪੁੱਛਣ ਵਾਲੀ ਹੈ?

ਗੁਰੂ ਜੀ— (ਇਸ਼ਾਰਾ ਕਰਕੇ) ਪੁੱਛੋ।

ਝੰਡਾ— ਇਹ ਜੋ ਆਪ ਨੇ ਫੁਰਮਾਇਆ ਹੈ ਸਾਡੇ ਮਨ ਤੇ ਸੁਭਾਵ ਦੀ ਬਣਤਰ ਐਸੀ ਹੈ ਕਿ ਜੋ ਗੱਲ ਅਸੀਂ ਬਾਰ ਬਾਰ ਰਟਨ ਕਰਾਂਗੇ ਸੋ ਚੇਤੇ ਵਿਚ ਵੱਸ ਜਾਏਗੀ, ਮੈਂ ਸਮਝ ਲਈ ਹੈ। ਜਿਸ ਗੱਲ ਦਾ ਚੇਤਾ ਅਸੀਂ ਲਗਾਤਾਰ ਰੱਖਾਂਗੇ, ਸੋ ਗੱਲ ਸਾਡੇ ਅੰਦਰ ਸਾਡਾ ਗਿਆਨ ਬਣ ਜਾਏਗੀ— ਲਗਾਤਾਰੀ ਗਿਆਨ, ਜਿਵੇਂ ਉਹ ਗਜਾਨ ਸਾਡਾ ਆਪਣਾ ਹੈ ਤੇ ਉਸ ਤੋਂ ਅਸੀਂ ਸੁਖ ਰਸ ਮਾਣਦੇ ਹਾਂ। ਇਉਂ ਮੈਂ ਸਮਝਿਆ ਹੈ ਕਿ ਉਹ ਇਕ ਲਗਾਤਾਰੀ 'ਭਾਵ' ਯਾ 'ਸੁਭਾਵ' ਹੋ ਜਾਏਗਾ। ਜਿਹੜੀ ਗੱਲ ਤੁਸਾਂ ਇਹ ਆਖੀ ਹੈ ਕਿ ਜੋ ਬਾਤ ਅਸੀਂ ਬਾਰ ਬਾਰ ਸਿਮਰਣ ਕਰਾਂਗੇ ਉਹ ਸਾਡੇ ਚਿੱਤ ਵਿਚ ਟਿਕ ਜਾਏਗੀ, ਸਾਡੇ ਮਨ ਦੇ ਹੇਠਲੇ ਪਰਤ ਵਿਚ ਬਹਿ ਜਾਵੇਗੀ, ਇਹ ਮਨ ਦਾ ਹੇਠਲਾ ਪਰਤ, ਜਾਂ ਚਿੱਤ ਵਿਚ ਬੈਠਣਾ ਕੀ ਗੱਲ ਹੋਈ? ਹੇਠਲਾ ਪਰਤ ਮਨ ਦਾ ਕੀਹ ਹੈ?

ਗੁਰੂ ਜੀ— ਝੰਡਿਆ! ਗੱਲ ਜ਼ਰਾ ਗਹੁ ਕਰਨ ਵਾਲੀ ਹੈ। ਚਿੱਤ ਦਾ ਅਰਥ ਤਾਂ ਹਰ ਮਤਿ ਵਾਲੇ ਆਪੋ ਆਪਣੇ ਆਸ਼ੇ ਮੂਜਬ ਕਰਦੇ ਹਨ, ਅਸੀਂ ਤੈਨੂੰ ਇਕ ਗੱਲ ਸਮਝਾਉਣੀ ਸੀ, ਪਦਾਂ ਦੇ ਅਰਥ ਨਹੀਂ ਸਨ ਬੰਨ੍ਹਣੇ, ਪਰ ਤੂੰ ਪੁੱਛਿਆ ਹੈ ਤਾਂ ਹੁਣ ਸਮਝ ਲੈ। ਸਾਡਾ ਜੋ ਇਸ ਜੜ੍ਹ ਸਰੀਰ ਦੇ ਅੰਦਰ ਚੇਤੰਨ ਹਿੱਸਾ ਹੈ ਉਸ ਦੇ ਅਸੀਂ ਸਾਰੇ ਗਿਆਤਾ ਨਹੀਂ ਹਾਂ। ਉਹ ਅਸੀਂ ਹਾਂ, ਉਹ ਸਾਡਾ ਆਪਾ ਹੈ ਯਾ ਸਾਰਾ ਕੁਛ ਆਪਣਾ ਹੈ, ਪਰ ਅਸੀਂ ਉਸ ਸਾਰੇ ਦੇ ਜਾਣੂੰ ਨਹੀਂ ਹਾਂ। ਜੀਵ ਉਸਦੇ ਉਤਨੇ ਹਿੱਸੇ ਦਾ ਜਾਣੂ ਹੈ, ਜਿਤਨੇ ਵਿਚ ਕਿ ਸੋਚ ਵਿਚਾਰ, ਪਛਾਣ ਆਦਿਕ ਹਨ। ਜਿਹਾ ਮਨ ਸੋਚਦਾ ਹੈ, ਸਮਝਦਾ ਹੈ, ਉਸ ਦੀ ਜੀਵ ਨੂੰ ਖ਼ਬਰ ਹੈ, ਬਾਕੀ ਦੇ ਦੀ ਨਹੀਂ। ਕਈ ਵੇਰ ਟਪਲਾ ਖਾ ਜਾਈਦਾ ਹੈ ਕਿ ਸੋਚਣ ਸਮਝਣ ਵਾਲੇ ਮਨ ਨੂੰ ਸਾਰਾ ਮਨ, ਸਾਰਾ ਆਪਾ, ਸਾਰੀ ਜਿੰਦ ਸਮਝ ਲਈਦਾ ਹੈ, ਪਰ ਇਹ ਠੀਕ ਨਹੀਂ, ਇਸ 'ਸਾਡੇ ਸੋਚਾਂ ਵਾਲੇ ਮਨ ਦਾ ਇਕ ਹੋਰ ਪਰਤ ਯਾ

ਹਿੱਸਾ ਹੈ, ਜਿਸ ਵਿਚ ਸਾਡੇ ਇਸ ਮਨ ਦੇ ਵਿਚਾਰ ਆਦਿ ਅਕਸ ਪਾਉਂਦੇ ਹਨ ਤੇ ਮਾਨੋ ਉਥੇ ਅਕਸ ਕੱਠੇ ਹੁੰਦੇ ਹਨ, ਯਾ ਇਓਂ ਕਹੀਏ ਕਿ ਉਸ ਮਨ ਵਿਚ ਸਾਡੇ ਸਾਰੇ ਅਭਿਆਸ 'ਸੰਸਾਰਕ' ਬਣਕੇ ਜਮ੍ਹਾਂ ਹੁੰਦੇ ਹਨ, ਉਹ ਮਨ ਸੋਚਦਾ ਵਿਚਾਰਦਾ ਤੋਲਦਾ ਸਾਨੂੰ ਪ੍ਰਤੀਤ ਨਹੀਂ ਦੇਂਦਾ।

ਝੰਡਾ— (ਕੁਛ ਕਾਹਲਾ ਹੋਕੇ) ਫੇਰ ਉਸ ਦੀ ਸਾਨੂੰ ਸੋਝੀ ਕਿਵੇਂ ਹੁੰਦੀ ਹੈ ਜੀ?

ਗੁਰੂ ਜੀ— ਉਸ ਦੀ ਸੋਝੀ ਅੰਦਰਲੀ ਰੁਚੀ ਤੋਂ ਥੋੜੀ ਜਿਹੀ ਹੋ ਜਾਂਦੀ ਹੈ। ਜਿਵੇਂ ਕੋਈ ਆਦਮੀ ਦਸ ਬਾਰਾਂ ਵਰ੍ਹੇ ਰੋਜ਼ ਸ਼ਰਾਬ ਪੀਂਦਾ ਰਹਿੰਦਾ ਹੈ, ਉਸ ਦਾ ਸ਼ਰਾਬ ਦਾ ਅਭਿਆਸ ਸ਼ਰਾਬ ਦੇ ਖਿਆਲਾਂ ਨੂੰ ਲੈ ਲੈ ਕੇ ਇਸ ਦੂਸਰੇ ਮਨ ਵਿਚ ਉਤਰਦਾ ਤੇ ਉੱਥੇ ਜਮ੍ਹਾਂ ਹੁੰਦਾ ਜਾ ਰਿਹਾ ਹੈ, ਇਸ ਨੂੰ ਕਹੀਦਾ ਹੈ ਕਿ ਸ਼ਰਾਬ ਦੇ ਸੰਸਕਾਰ ਉਸ ਦੇ ਹੇਠਲੇ ਪਰਤ ਵਿਚ ਕੱਠੇ ਹੋ ਗਏ ਹਨ। ਰੋਜ਼ ਦੀਆਂ ਵਿਚਾਰਾਂ, ਗੱਲਾਂ ਤੇ ਕਰਨੀਆਂ ਦੇ ਅਕਸ ਜੋ ਮਨ ਤੇ ਪੈ ਕੇ ਇਕ ਤਰਾਂ ਨਾਲ ਇਕੱਤ੍ਰ ਹੋ ਰਹੇ ਹਨ, ਸੋ ਸੰਸਕਾਰ ਸਮਝ ਲਓ। ਮਨ ਦਾ ਉਹ ਪਰਤ, ਜਿਸ ਵਿਚ ਇਹ ਸੰਸਕਾਰ ਜਮਾਂ ਹੁੰਦੇ ਹਨ, ਆਪਣੇ ਆਪ ਨੂੰ ਸੋਚ, ਵਿਚਾਰ, ਖਿਆਲ ਜੋਖ ਦੇ ਰੂਪ ਵਿਚ ਨਹੀਂ ਦੱਸਦਾ, ਪਰ 'ਰੁਚੀਆਂ' ਦੇ ਰੂਪ ਵਿਚ ਦੱਸਦਾ ਹੈ। ਜਿਵੇਂ ਬਾਰਾਂ ਬਰਸ ਦਾ ਸ਼ਰਾਬੀ ਜਦ ਕਿਸੇ ਭਲੀ ਸੁਹਬਤ ਵਿਚ ਬੈਠ ਕੇ ਜਾਂ ਸ਼ਰਾਬ ਦੇ ਸਰੀਰ ਪੁਰ ਬੁਰੇ ਅਸਰ ਵੇਖਕੇ ਸ਼ਰਾਬ ਨੂੰ ਛੱਡ ਦਿੰਦਾ ਹੈ ਤਾਂ ਇਹ ਕੰਮ ਉਸ ਦੇ ਪਰਤੱਖ ਮਨ (ਸਗਜਾਤ ਮਨ) ਨੇ ਕੀਤਾ ਹੈ, ਜਿਸ ਨੇ ਇਸ ਦਾ ਅਵਗੁਣ ਸਿਆਣਕੇ ਇਸ ਨੂੰ ਮਾੜਾ ਸਹੀ ਕਰ ਲਿਆ ਹੈ, ਪਰ ਉਸ ਗੁਪਤ ਮਨ ਨੇ (ਜਿਥੇ ਸੰਸਕਾਰ ਜਮ੍ਹਾਂ ਹਨ) ਇੰਨੀ ਛੇਤੀ ਸ਼ਰਾਬ ਨੂੰ ਨਹੀਂ ਛੱਡਿਆ। ਉਸ ਵਿਚ ਸ਼ਰਾਬ ਦੇ ਸੰਸਕਾਰ ਬੈਠੇ ਹੋਏ ਹਨ, ਜਦ ਠੰਢੀ ਹਵਾ ਵਗੇਗੀ, ਬੱਦਲ ਜੁੜਨਗੇ ਯਾ ਸ਼ਰਾਬ ਦੀ ਮੁਸ਼ਕ ਆਵੇਗੀ, ਕਿਤੇ ਕਲਾਲਖਾਨਾ ਦਿੱਸੇਗਾ ਤਾਂ ਉਸਦੇ ਅੰਦਰੋ ਸ਼ਰਾਬ ਪੀਣ ਦੀ ਰੁਚੀ ਉੱਠੇਗੀ, ਉਸ ਦਾ ਪਰਤੱਖ (ਯਾ ਸਗਜਾਤ) ਮਨ ਤਾਂ ਸ਼ਰਾਬ ਦੇ ਔਗੁਣ ਚਿਤਵ ਰਿਹਾ ਹੈ, ਪੀਣੋਂ ਨਫਰਤ ਕਰ ਰਿਹਾ ਹੈ, ਪਰ ਫਿਰ ਰੁਚੀ ਜ਼ੋਰ ਪਾ ਰਹੀ ਹੈ, ਇਹ ਰੁਚੀ ਕਿਥੋਂ ਆ ਰਹੀ ਹੈ? ਸੋਚਣ ਦੀ ਗੱਲ ਹੈ। ਇਹ ਰੁਚੀ ਬਾਰਾਂ ਵਰ੍ਹੇ ਦੇ ਸੰਚਰੇ ਸੰਸਕਾਰਾਂ ਦੀ ਹੈ ਜੋ ਗੁਪਤ ਮਨ ਵਿਚੋਂ ਉੱਠ ਰਹੀ ਹੈ। ਇਹ ਅਕਾਰਣ ਰੁਚੀ, (ਪਰਤੱਖ ਮਨ ਦੇ ਵਿਚਾਰਾਂ ਤੋਂ ਵਿਰੁੱਧ ਬੀ ਉੱਠ ਰਹੀ ਰੁਚੀ) ਉਸ ਗੁਪਤ ਮਨ ਦਾ ਪਤਾ ਦੇ ਰਹੀ ਹੈ ਜੋ ਆਪਣਾ ਆਪ ਅੰਦਰ ਲੁਕੋਈ ਬੈਠਾ ਹੈ।

ਫਿਰ ਇਕ ਹੋਰ ਤਰ੍ਹਾਂ ਬੀ ਪਤਾ ਲੱਗਦਾ ਹੈ, ਦਿਨ ਨੂੰ ਜੋ ਕੰਮ ਕਰੋ ਰਾਤ ਨੂੰ ਉਹਨਾਂ ਦੇ ਹੂ— ਬ— ਹੂ ਨਕਸ਼ੇ ਯਾ ਹੋਰ ਹੋਰ ਵਟਾਵੇਂ ਰੂਪ ਧਾਰਕੇ ਨਕਸ਼ੇ ਸੁਪਨਿਆਂ ਵਿਚ ਵੇਖੋਗੇ। ਦਿਨ ਦੀਆਂ ਅਪੂਰਣ ਤ੍ਰਿਸ਼ਨਾਂ ਕਈ ਵੇਰ ਰਾਤ ਨੂੰ

ਸੁਪਨਿਆਂ ਵਿਚ ਪੂਰਣ ਹੁੰਦੀਆਂ ਹਨ, ਇਹ ਸਾਰਾ ਕੁਛ ਗੁਪਤ ਮਨ ਕਰਦਾ ਹੈ, ਕਿਉਂਕਿ ਪਰਤੱਖ ਮਨ ਤਾਂ ਉਸ ਵੇਲੇ ਸੌਂ ਰਿਹਾ ਹੈ। ਸੁੱਤਾ ਆਦਮੀ ਜਾਗ੍ਰਤ ਵਾਂਙੂ ਸੋਚਦਾ ਵਿਚਾਰਦਾ, ਜੋਖਦਾ ਨਹੀਂ, ਕਿਉਂਕਿ ਪਰਤੱਖ ਮਨ ਤਾਂ ਜਾਗ੍ਰਤ ਵਿਚ ਹੀ ਨਹੀਂ, ਹੁਣ ਕੌਣ ਹੈ, ਜੋ ਸੁਪਨਿਆਂ ਵਿਚ ਦੇ ਵਰਤੇ ਮਾਮਲਿਆਂ ਦੀਆਂ ਮੂਰਤਾਂ ਅਨੇਕ ਤਰ੍ਹਾਂ ਦੀ ਵਚਿੱਤ੍ਰਤਾ ਵਿਚ ਦਿਖਾ ਰਿਹਾ ਹੈ! ਇਹ ਉਹ ਦੂਸਰਾ ਮਨ ਹੈ, ਜੋ ਸੋਚਾਂ, ਵਚਨਾਂ, ਕਰਨੀਆਂ ਦੇ ਸੰਸਕਾਰਾਂ ਦੇ ਵਚਿੱਤ੍ਰ ਨਕਸ਼ੇ ਅਨੇਕ ਰੂਪਾਂ ਵਿਚ ਵਟਾ ਵਟਾ ਕੇ ਦਿਖਾ ਰਿਹਾ ਹੈ। ਸੋ ਝੰਡਿਆ! ਸੁਪਨਿਆਂ ਵਿਚ ਜੋ ਜਾਗਦਾ ਹੈ ਸੋ ਮਨ ਉਹ ਹਈ।

ਝੰਡਾ— ਠੀਕ ਸਮਝਾਇਆ ਨੇ ਸ਼ਾਹਾਂ ਦੇ ਸ਼ਾਹ ਜੀਉ! ਮੈਂ ਤਾਂ ਸੁੱਤਾ ਹੀ ਰਿਹਾ ਹਾਂ। ਸੱਭੇ ਗੱਲਾਂ ਪੜ੍ਹੀਆਂ ਹਨ ਪਰ ਸਮਝ ਵਿਚ ਪੁੜੀਆਂ ਕੋਈ ਨਾ। ਸੰਸਕਾਰ ਕਦੇ ਪੜ੍ਹਿਆ, ਕਈ ਵੇਰ ਵਰਤਿਆ, ਪਰ ਸੋਝੀ ਨਾ ਆਈ ਕਿਹ ਅਸਲ ਭਾਵ ਕੀ ਹੈ। ਹੁਣ ਦਾਤਾ ਜੀ! ਇਹ ਪੁੱਛਣਾ ਹੈ ਕਿ ਅਸੀਂ ਦਿਨ ਰਾਤ ਸੁਆਰਥਾਂ ਵਿਚ ਲਗੇ ਰਹਿੰਦੇ ਹਾਂ ਤੇ ਅਕਸਰ ਵਿਕਾਰਾਂ ਵਾਲੇ ਕੰਮ ਕਰਦੇ ਹਾਂ, ਭੁੱਖ ਤ੍ਰੇਹ ਤੇ ਹੋਰ ਸਰੀਰਕ ਭੁੱਖਾਂ ਦੇ ਪੂਰੇ ਕਰਨ ਦੇ ਜਤਨਾਂ ਵਿਚ ਫਿਰਦੇ ਹਾਂ, ਸਾਡੇ ਅੰਦਰ ਸਾਰਾ ਦਿਨ ਸੰਸਕਾਰ ਓਹੋ ਹੀ ਇਕੱਠੇ ਹੁੰਦੇ ਹੋਣਗੇ, ਇਸ ਤਰ੍ਹਾਂ ਨਾਲ ਸਾਡਾ ਹੇਠਲਾ ਮਨ ਤਾਂ ਸਰੀਰਕ ਕਾਮਨਾਂ, ਸਰੀਰਕ ਭੁੱਖਾਂ, ਸਰੀਰਕ ਵਿਕਾਰਾਂ ਦੇ ਸੰਸਕਾਰਾਂ ਨਾਲ ਭਰਿਆ ਹੋਇਆ ਮਾਨੋਂ ਇਕ ਤਲਾਉ ਹੋਵੇਗਾ, ਉਸ ਵਿਚ ਰੁਚੀਆਂ ਦੇ ਤੁੰਗ ਤਾਂ ਸੰਸਾਰਕ ਤੇ ਵਿਕਾਰੀ ਹੀ ਉਦੇ ਹੋਣਗੇ, ਫਿਰ ਇਹ ਤਾਂ ਅਸੀਂ ਆਪ ਆਪਣੇ ਆਪੇ ਨੂੰ ਵੰਜਾ ਚੁਕੇ ਹਾਂ। ਹੁਣ ਸਾਡੀ ਰੁਚੀ ਉੱਚੇ ਪਾਸੇ ਦੀ ਕੀਕੂੰ ਹੋਵੇਗੀ!

ਗੁਰੂ ਜੀ— ਭਾਈ! ਇਸੇ ਕਰਕੇ ਤਾਂ ਭਲਿਆਈ ਤੇ ਉਚਿਆਈ ਨੂੰ ਸਮਝ ਸਮਝਕੇ ਉਸ ਪਰ ਟੁਰਨ ਦੇ ਸੰਕਲਪ ਤੇ ਇੰਦੀਏ ਬੰਨ੍ਹ ਬੰਨ੍ਹ ਕੇ ਜਗਜਾਸੂ ਲੋਕ ਤੇ ਨੇਕੀ ਦੇ ਤਰਲੇ ਲੈਣ ਵਾਲੇ ਮੁੜ ਮੁੜ ਕੇ ਡਿਗਦੇ ਹਨ। ਮਨ ਦੀਆਂ ਲੁਕੀਆਂ ਪਈਆਂ ਰੁਚੀਆਂ ਜੀਵਾਂ ਦੇ 'ਸਮਝੇ ਤੇ ਚੰਗਾ ਜਾਣੇ' ਰਸਤੇ' ਦੇ ਵਿਰੁੱਧ ਉਨ੍ਹਾਂ ਨੂੰ ਲੈ ਜਾਂਦੀਆਂ ਹਨ।

ਝੰਡਾ— ਫੇਰ ਸਾਡੀ ਕਲਿਆਣ ਅਸੰਭਵ ਹੋ ਗਈ?

ਗੁਰੂ ਜੀ— ਅਸੰਭਵ ਤਾਂ ਨਹੀਂ, ਉਖੇਰੀ ਹੈ ਤੇ ਸਮਾਂ ਮੰਗਦੀ ਹੈ।

ਝੰਡਾ— ਕਿਵੇਂ ਸਾਂਈਂ ਸਾਹਿਬ ਜੀਉ?

ਗੁਰੂ ਜੀ— ਜਿਵੇਂ ਅਸਾਂ ਆਪਣੇ ਉਸ ਗੁਪਤ ਮਨ ਦੇ ਖਜ਼ਾਨੇ ਨੂੰ ਮਾੜੇ ਸੰਸਕਾਰਾਂ ਨਾਲ ਭਰਿਆ ਹੈ ਤਿਵੇਂ ਹੁਣ ਭਲੇ ਸੰਸਕਾਰਾਂ ਨਾਲ ਭਰੀਏ।

ਝੰਡਾ— ਉਹ ਜੋ ਭਰ ਰਿਹਾ ਹੈ ਕੀਕੂੰ ਸੱਖਣਾਂ ਹੋਵੇ ਤੇ ਦੂਜੀ ਵਸਤੂ ਉਸ ਵਿਚ ਕੀਕੂੰ ਪਵੇ?

ਗੁਰੂ ਜੀ— ਜੋ ਵਸਤੂ ਉਥੇ 'ਵਿਕਾਰਾਂ ਦੇ ਸੰਸਕਾਰਾਂ ਰੂਪੀ ਭਰ ਰਹੀ ਹੈ, ਉਸ ਵਿਚ 'ਭਲਿਆਈ ਤੇ ਉਚਿਆਈ' ਦੇ ਸੰਸਕਾਰਾਂ ਰੂਪੀ ਵਸਤੂ ਪਾਈ ਜਾਓ ਤਾਂ 'ਵਿਕਾਰ ਦੇ ਸੰਸਕਾਰਾਂ' ਰੂਪੀ ਵਸਤੂ ਉਥੋਂ ਆਪੇ ਦੂਰ ਹੋ ਜਾਏਗੀ।

ਝੰਡਾ— ਆਪ ਦਾ ਇਹ ਭਾਵ ਹੈ ਕਿ ਜੇ ਗੁਪਤ ਮਨ ਵਿਚ, ਜੋ ਮਾੜੀ ਵਸਤੂ ਨਾਲ ਭਰ ਰਿਹਾ ਹੈ, ਕਿਸੇ ਚੰਗੀ ਵਸਤੂ ਨੂੰ ਭਰੀਏ ਤਾਂ ਪਹਿਲੀ ਵਸਤੂ ਆਪੇ ਨਿਕਲ ਜਾਵੇਗੀ।

ਗੁਰੂ ਜੀ— ਜਿਵੇਂ ਮੈਲੇ ਪਾਣੀ ਨਾਲ ਭਰੀ ਪਰਾਤ ਨੂੰ ਮੀਂਹ ਵੱਸਦੇ ਵਿਚ ਧਰ ਦਿਓ ਤਾਂ ਉਤੋਂ ਨਿਰਮਲ ਨੀਰ ਪੈ ਪੈ ਕੇ ਪਰਾਤ ਨੂੰ ਨਿਰਮਲ ਜਲ ਨਾਲ ਭਰਦਾ ਹੈ, ਮੈਲਾ ਪਾਣੀ ਆਪੇ ਨਿਕਲਦਾ ਨਿਕਲਦਾ ਮੁੱਕ ਜਾਂਦਾ ਹੈ। ਜੇ ਤਾਂ ਪਰਾਤ ਨੂੰ ਡੋਹਲ ਸਕੀਏ ਤਾਂ ਮੈਲਾ ਪਾਣੀ ਨਿਕਲ ਗਿਆ, ਪਰ ਜੋ ਡੋਹਲ ਨਾ ਸਕੀਏ ਤਾਂ ਮੀਂਹ ਵੱਸਦੇ ਵਿਚ ਪਈ ਪਰਾਤ ਦਾ ਮੈਲਾ ਪਾਣੀ ਆਪੇ ਮੁੱਕ ਜਾਏਗਾ, ਤਾਜ਼ਾ ਮੀਂਹ ਦਾ ਪਾਣੀ ਪੈ ਪੈਕੇ। ਇਵੇਂ ਦ੍ਰਿਸ਼ਟਾਂਤ ਮਾਤ੍ਰ ਪਰਾਤ ਦੀ ਗੱਲ ਕਹੀ ਹੈ ਜੋ ਸਮਝੇ ਪੈ ਜਾਏ ਅਸਲੀ ਗੱਲ ਸਾਫ ਸਾਫ।

ਝੰਡਾ— ਸੁਆਦ ਆ ਗਿਆ ਹੈ, ਕਿਰਪਾ ਕਰਕੇ ਦਸੋ ਕਿ ਮੈਲ ਨਾਲ ਅੱਟੇ ਮਨ ਵਿਚ ਕੀ ਵਸਤੂ ਪਾਈਏ?

ਗੁਰੂ ਜੀ— ਨੇਕੀਆਂ।

ਝੰਡਾ— ਨੇਕ ਕਰਮ?

ਗੁਰੂ ਜੀ— ਸ਼ੁਭ ਵਿਚਾਰਾਂ, ਪਵਿੱਤ੍ਰ ਸੋਚਾਂ, ਸ਼ੁਭ ਬਚਨ, ਸ਼ੁਭ ਕਰਮ।

ਝੰਡਾ— ਕਿੰਨਾਂ ਜ਼ੋਰ ਲਾਈਏ, ਮੈਂ ਆਪਣੀ ਹਡ ਵਰਤੀ ਅਰਜ਼ ਕਰਦਾ ਹਾਂ, ਨਾਂ ਤਾਂ ਨਿਰੇ ਨੇਕ ਵਿਚਾਰਾਂ ਵਾਲੇ ਨਾ ਸੁਧਾ ਨੇਕ ਗੱਲਾਂ ਤੇ ਨੇਕ ਕਰਮਾਂ ਵਾਲੇ ਹੋ ਸਕੀਦਾ ਹੈ, ਬਹੁਤ ਕੁਛ ਸੰਵਰ ਜਾਂਦਾ ਹੈ, ਪਰ ਪੇਸ਼ ਨਹੀਂ ਜੇ ਜਾਂਦੀ, ਸੱਚਾ ਬਚਨ ਜੇ, ਬਖਸ਼ ਲੈਣਾ।

ਗੁਰੂ ਜੀ— ਤੁਸੀਂ ਨਿਰੋਲ ਸੱਚ ਕਹਿ ਰਹੇ ਹੋ। ਇਹੋ ਤਾਂ ਮੁਸ਼ਕਲ ਹੈ ਕਿ ਬੰਦੇ ਦੀ ਅੰਦਰਲੀ ਰੁਚੀ ਉਸ ਨੂੰ ਨਿਰੋਲ ਨੇਕੀ ਤੇ ਆਉਣ ਨਹੀਂ ਦੇਂਦੀ। ਅੰਦਰਲੀ ਮੈਲ ਕੱਢਣ ਦਾ ਜਤਨ ਕਰਦਿਆਂ ਬੰਦਾ ਹਾਰਦਾ ਹੈ, ਉਤੋਂ ਹੋਰ ਹੋਰ ਮੈਲ ਰੋਜ਼ ਦੀਆਂ ਗਿਰਾਵਟਾਂ ਦੀ ਅੰਦਰ ਜਾਂਦੀ ਰਹਿੰਦੀ ਹੈ, ਕੁਛ ਧੋਪਦੀ ਹੈ, ਕੁਛ ਹੋਰ ਪੈਂਦੀ ਹੈ, ਇਸ ਕਰਕੇ ਨਿਰੇ ਸ਼ੁਭ ਕਰਮਾਂ ਤੇ ਟੇਕ ਧਾਰਨੀ ਸਿਰੇ ਨਹੀਂ ਅਪੜਾਉਂਦੀ। ਕਰਮ ਸ਼ੁਭ ਕਰਨੇ ਹਨ, ਸੋਚ ਭਲੀ ਕਰਨੀ ਹੈ, ਸਾਰਾ ਤਾਣ ਲਾਉਣਾ ਹੈ, ਪਰ ਕੁਛ ਹੋਰ ਬੀ ਚਾਹੀਦਾ ਹੈ, ਜੋ ਰਹਿ ਰਹਿ ਜਾਂਦੀ ਕਸਰ ਨੂੰ ਪੂਰਾ ਕਰੇ। ਸ਼ੁਭ ਗੁਣਾਂ ਨੂੰ ਧਾਰਨ ਕੀਤੇ ਬਿਨਾਂ ਕਾਰਜ ਨਹੀਂ ਸੰਵਰਦਾ, ਪਰ ਸਾਡੇ ਅੰਦਰ ਅਵਗੁਣਾਂ ਦੇ ਸੰਸਕਾਰ ਭਰੇ ਪਏ ਹਨ, ਇਹੋ ਤਾਂ ਮੁਸ਼ਕਲ ਹੈ ਜੋ ਓਹ ਨਹੀਂ ਧੋਪਦੇ।

ਝੰਡਾ— ਜੀ ਫਿਰ ਇਸ ਨੂੰ ਹੱਲ ਕਰੋ ਨਾ?

ਗੁਰੂ ਜੀ— ਕਰ ਆਏ ਹਾਂ, ਜੋ ਤੈਨੂੰ ਪਹਿਲਾਂ ਸਮਝਾਇਆ ਹੈਸੀ, ਉਹ ਇਸੇ ਮੁਸ਼ਕਲ ਦਾ ਹੱਲ ਸੀ।

ਝੰਡਾ ਹੁਣ 'ਗੁਪਤ ਤੇ ਪ੍ਰਤਖ ਮਨ' ਦੇ ਹਾਲਾਤ ਨੂੰ ਸਮਝਦਾ ਪਹਿਲੇ ਉਪਦੇਸ਼ ਨੂੰ ਮਾਨੋਂ ਭੁੱਲ ਰਿਹਾ ਸੀ। ਸੁਣਕੇ ਸਤਿਗੁਰ ਜੀ ਦਾ ਇਹ ਵਾਕ ਮੁੜ ਲੱਗਾ ਸਾਰੀ ਸੋਚ ਮੁੱਢੋਂ ਸੁੱਢੋਂ ਕਰਨ। ਸੋਚ ਸੋਚ ਕੇ ਬੋਲਿਆ— ਨਿਰੰਕਾਰ ਦੇ ਪਿਆਰੇ ਜੀਓ! ਮੁੜ ਜਿੱਥੇ ਗਲ ਹੁਣ ਆਈ ਹੈ, ਇਥੋਂ ਚਾਕੇ ਲੈ ਚੱਲਣ ਦੀ ਮਿਹਰ ਚਾ ਕਰੋ ਨਾ, ਮੈਨੂੰ ਸਾਰੀ ਗੱਲ ਚੇਤੇ ਤਾਂ ਆ ਗਈ ਹੈ, ਪਰ ਜਿੱਥੇ ਹੁਣ ਹਾਂ ਇਥੋਂ ਲੜ ਨਹੀਂ ਪਿਆ ਮੇਲਦਾ ਮੇਰਾ ਮੂਰਖ ਮਨ ਉਸ ਪਹਿਲੀ ਗੱਲ ਨਾਲ।

ਗੁਰੂ ਜੀ— ਝੰਡਿਆ! ਇਹ ਤਾਂ ਅਸਾਂ ਵੇਖ ਲਿਆ ਹੈ ਤੇ ਹਰ ਕਿਸੇ ਨੂੰ ਤਜਰਬਾ ਹੈ ਕਿ ਮਨੁੱਖ ਅਪੂਰਨ ਹੈ ਤੇ ਇਸ ਦਾ ਮਨ ਅਵਗੁਣੀਂ ਭਰਪੂਰ ਹੈ, ਅਵਗੁਣਾਂ ਵਿਚੋਂ ਗੁਣ ਨਹੀਂ ਉਪਜ ਸਕਦੇ, ਇਸ ਲਈ ਅਸੀਂ ਤੱਕਣਾ ਹੈ ਕਿ ਗੁਣਾਂ ਦਾ ਨਿਵਾਸ ਕਿਥੇ ਹੈ? ਸਾਰੇ ਗੁਣਾਂ ਦਾ ਨਿਵਾਸ ਪਰਮੇਸ਼ੁਰ ਵਿਚ ਹੈ। ਬਿਨਾਂ ਗੁਣਾਂ ਦੇ ਸਾਡੀ ਸਫ਼ਾਈ ਨਹੀਂ ਹੁੰਦੀ, ਕਲਜਾਣ ਨਹੀਂ। ਅਸੀਂ ਅਵਗੁਣਾਂ ਨਾਲ ਭਰਪੂਰ ਗੁਣਾਂ ਤੋਂ ਰਹਿਤ ਹਾਂ, ਸਾਰੇ ਗੁਣ ਪਰਮੇਸ਼ਰ ਜੀ ਵਿਚ ਹਨ। {ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥ (ਜਪੁਜੀ)} ਹੁਣ ਅੱਗੇ ਗੱਲ ਸਾਫ ਹੈ।

ਝੰਡਾ— ਆਪ ਹੀ ਕਿਰਪਾ ਕਰੋ।

ਗੁਰੂ ਜੀ— ਜਿਸ ਵਿਚ ਸਾਰੇ ਗੁਣ ਹਨ ਉਸ ਨੂੰ ਅੰਦਰ ਵਸਾਈਏ। ਮੈਲੇ ਪਾਣੀ ਵਾਲੀ ਪਰਾਤ ਨੂੰ ਉੱਦਮ ਨਾਲ ਚਾਕੇ ਬੱਦਲਾਂ ਹੇਠ ਧਰੀਏ। ਬਦਲਾਂ ਦੀ ਵੱਸਦੀ ਮੋਲ੍ਹੇਧਾਰ ਵਰਖਾ ਆਪਣੇ ਨਿਰਮਲ ਨੀਰ ਨਾਲ ਉਸ ਨੂੰ ਭਰ ਭਰ ਕੇ ਨਿਰਮਲ ਕਰ ਦੇਵੇਗੀ, ਮੈਲਾ ਪਾਣੀ ਆਪੇ ਦੂਰ ਹੋ ਜਾਏਗਾ।

ਝੰਡਾ— ਕਿਵੇਂ?

ਗੁਰੂ ਜੀ— ਜੋ ਤੁੱਧੇ ਨੂੰ ਸਮਝਾਇਆ ਸੀ ਕਿ ਉਸ ਪਰਮੇਸ਼ੁਰ ਦਾ ਸਰੂਪ ਹੈ ਹੋਂਦ, ਨਿਰੋਲ ਹੋਂਦ ਉਹ 'ਹੈ' ਅਰਥਾਤ 'ਸਤਿ' ਹੈ, ਉਸਦਾ ਇਹ ਸਰੂਪ ਚਿੰਤਨ ਕਰੀਏ। ਜਾਂ ਇਉਂ ਆਖੀਏ ਕਿ ਉਸ ਸਭ ਗੁਣੀ ਭਰਪੂਰ ਦਾ ਸਿਮਰਨ ਕਰੀਏ। ਉਹ ਸਭ ਗੁਣੀ ਭਰਪੂਰ ਹੈ, ਉਹ ਨੇਕੀ ਕੁੱਲ ਹੈ, ਜਿਉਂ ਜਿਉਂ ਉਸ ਨੇਕੀ ਕੁੱਲ ਦੀ, ਸਰਬ ਗੁਣੀ ਭਰਪੂਰ ਦੀ ਸੁਧੀ ਪਵਿੱਤ੍ਰਤਾ ਰੂਪ ਵਾਲੇ ਦੀ ਅਸੀਂ ਯਾਦ ਕਰਾਂਗੇ ਉਸ ਹੋਂਦ ਦਾ ਭਾਵ, ਉਸਦਾ ਗੁਣੀ ਭਰਪੂਰ ਸਰੂਪ, ਉਸ ਦੇ ਗੁਣਾਂ ਦਾ ਅਕਸ ਪਰਤੱਖ ਮਨ ਵਿਚ ਆ ਆ ਕੇ, ਸੰਸਕਾਰ ਬਣ ਬਣ ਕੇ, ਸੰਸਕਾਰ ਜਿਥੇ ਰਹਿੰਦੇ ਹਨ, ਉਸ ਮਨ ਵਿਚ ਉਤਰੇਗਾ, ਤਿਉਂ ਤਿਉਂ ਮਨ ਦੇ ਸੰਸਕਾਰਾਂ ਵਾਲੇ ਟਿਕਾਣੇ ਵਿਚੋਂ ਮਾੜੇ ਸੰਸਕਾਰਾਂ ਦਾ ਸਾਮਾਨ ਉਛਲ ਉਛਲਕੇ ਡੁੱਲ੍ਹਣ ਲੱਗ

ਜਾਏਗਾ ਤੇ ਨੇਕੀ ਦਾ ਸਾਮਾਨ ਭਰਨ ਲੱਗ ਜਾਏਗਾ। ਸਮਾਂ ਪਾਕੇ ਉੱਥੇ ਸਾਈਂ ਦਾ ਸਰੂਪ, ਉਸ ਦੀ ਹੋਂਦ ਦਾ ਭਾਵ, ਉਸ ਦਾ ਗੁਣੀ ਭਰਪੂਰ ਸਤਿ ਸਰੂਪ ਲਬਾਲਬ ਭਰ ਜਾਏਗਾ।

ਫਿਰ ਸਾਡੀਆਂ ਰੁਚੀਆਂ ਸਭ ਨੇਕ ਹੋ ਜਾਣਗੀਆਂ, ਸਾਡੇ ਮਨ ਦਾ ਸਾਰਾ ਵਜੂਦ ਸਤਿ ਸਰੂਪ ਨਾਲ ਭਰ ਭਰਕੇ ਸਤਿ ਸਰੂਪ ਹੋ ਜਾਏਗਾ, ਮਨ ਨੂੰ ਸੋਝੀ ਹੋਵੇਗੀ ਕਿ ਮੇਰੇ ਅੰਦਰ ਵੱਸ ਰਹੇ ਹਨ ਦੋ ਜਹਾਨਾਂ ਦੇ ਮੀਤ ਜੀ। ਫਿਰ ਉਸ ਸਤਿ ਸਰੂਪ ਦੇ ਅੰਦਰ ਨਿਵਾਸ ਦਾ ਪਵਿਤ੍ਰ ਰਸ ਆਵੇਗਾ, ਅਨੰਦ ਆਵੇਗਾ। ਉਸ ਮਨ ਦੇ ਅੰਦਰਲੇ ਪਰਤ ਵਿਚੋਂ ਨੇਕੀ ਤੇ ਪ੍ਰੇਮ ਦੀਆਂ ਰੁਚੀਆਂ ਉਪਜਣਗੀਆਂ ਜੋ ਪਰਤੱਖ ਮਨ ਦੇ ਯਤਨਾਂ ਦੀਆਂ ਸਹਾਇਕ ਹੋਣਗੀਆਂ, ਮਾਨੋਂ ਨੇਕੀ ਦੀ ਰਾਸ ਅੰਦਰ ਜਮਾਂ ਹੋ ਜਾਏਗੀ, ਐਉਂ ਸਾਡੇ ਵਿਚ ਗੁਣ ਸਾਗਰ ਦੇ ਗੁਣ ਬੀ ਆ ਜਾਣਗੇ। ਨਾਮ ਜਪਿਆਂ ਪਾਪ ਧੋਪੇ, ਸਾਂਈਂ ਆਇਆ, ਸਾਂਈਂ ਆਂਇਆਂ ਉਸਦੇ ਗੁਣ ਆਏ। ਫੇਰ ਸਮਝੋ ਕਿ ਨਾਮ ਅੰਦਰ ਰਚ ਗਿਆ ਹੈ। {ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥(ਬਿਲਾ: ਮ: ੧)}

ਝੰਡਾ— ਜੋ ਆਪ ਨੇ ਸਮਝਾਇਆ ਸੀ ਕਿ ਪਰਮੇਸ਼ੁਰ ਜੀ ਦਾ ਸਿਮਰਨ ਕਰੋ, ਸਿਮਰਨ ਨਾਲ ਸਾਡਾ ਇਹ ਮਨ ਸਾਂਈ ਦੀ 'ਹੋਂਦ' ਦੇ ਸੰਸਕਾਰ ਅੰਦਰਲੇ ਸੰਸਕਾਰਾਂ ਵਾਲੇ ਮਨ ਵਿਚ ਲੈ ਜਾਏਗਾ, ਇਉਂ ਅੰਦਰਲਾ ਘਟ 'ਸਾਂਈ' ਦੀ ਹੋਂਦ ਦੇ ਭਾਵ ਨਾਲ ਭਰ ਜਾਏਗਾ! ਉਸ ਦਾ ਸਰੂਪ ਅੰਦਰ ਵਸ ਜਾਏਗਾ, ਉਹ ਸਾਂਈਂ ਸਰਬ ਗੁਣਾਂ ਦਾ ਸੋਮਾਂ ਹੈ 'ਨੇਕੀ ਸੁਧੀ ਤੇ ਨੇਕੀ ਸਾਰੀ' ਹੈ, ਉਸ ਦੀ ਛੁਹ ਸਾਰੇ ਅਵਗੁਣਾਂ ਨੂੰ ਦੂਰ ਕਰਦੀ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਅੰਧਕਾਰ ਨੂੰ ਮਾਰਦਾ ਹੈ, ਤਿਵੇਂ ਉਸ ਦੇ ਅੰਦਰ ਵਸ ਜਾਣ ਨਾਲ ਸਭ ਅਵਗੁਣ ਦੂਰ ਹੋ ਕੇ ਗੁਣ ਭਰ ਜਾਣਗੇ, ਫਿਰ ਆਪਾ ਆਪੇ ਸ਼ੁੱਧ ਹੋ ਜਾਏਗਾ ਤੇ ਆਪਣੇ ਕਰਤਾਰ ਨਾਲ ਮਿਲ ਜਾਏਗਾ, ਇਹੋ ਆਪ ਨੇ ਸਮਝਾਇਆ ਹੈ ਨਾ?

ਗੁਰੂ ਜੀ— ਭਲੇ ਪੁਰਖਾ! ਇਹੋ। ਸਾਡੀ ਮਤਿ, ਸਾਡਾ ਅੰਦਰਲਾ ਮਨ, ਸੁਰਤ, ਸਾਰਾ ਕੁਛ ਭਰ ਰਿਹਾ ਹੈ ਪਾਪਾਂ ਦੀ ਮੈਲ ਨਾਲ, ਉਹ ਧੋਪ ਸਕਦਾ ਹੈ ਕੇਵਲ ਨਾਮ ਨਾਲ। ਬੱਸ ਇਹੋ ਸਿੱਧਾਂਤ ਹੈ, {ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ)} ਸਮਝ ਇਸ ਨੂੰ ਕਿਸੇ ਤਰ੍ਹਾਂ ਨਾਲ ਲਓ।

ਝੰਡਾ— ਠੀਕ ਫੁਰਮਾਯਾ ਨੇ, ਨਾਮ ਕੀਕੂੰ ਜਪਾਂ?

ਗੁਰੂ ਜੀ— ਸਾਰਾ ਵੇਰਵਾ ਇਸ ਦੇ ਜਪਣ ਦੀ ਵਜਾਖਜਾ ਦਾ ਦੱਸ ਚੁਕੇ ਹਾਂ, ਹੁਣ ਜੇ ਥੋੜੇ ਅੱਖਰਾਂ ਵਿਚ ਸਮਝਣਾ ਹਈ ਤਾਂ ਫੇਰ ਸੁਣ ਲੈ। ਨਾਮ ਦਾ ਉਪਦੇਸ਼ ਤੇ ਨਾਮ ਦੀ ਮਹਿਮਾਂ ਉੱਚੀ ਹੈ। ਨਾਮ ਹੀ ਦਾਰੂ ਹੈ, ਨਾਮ ਹੀ ਅਰੋਗਤਾਈ ਹੈ, ਨਾਮ ਦੇ ਤੁੱਲ ਹੋਰ ਕੁਛ ਨਹੀ। ਪਰ ਨਾਮ ਅਮੋਲਕ ਹੈ, ਇਸ ਦੀ ਕਦਰ ਵਿਰਲਾ ਕੋਈ ਜਾਣਦਾ ਹੈ। {ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ (ਸਿਰੀ:

ਮ: ੫)} ਸੋ ਪਹਿਲਾਂ ਇਸ ਦੀ ਕਦਰ ਇਸ ਦੇ ਜਪਣ ਹਾਰ, ਜਾਣਨਹਾਰ ਤੋਂ ਸੁਣਕੇ ਮਨ ਵਿਚ ਧਾਰ ਲਈ, ਅਮੰਨਾ ਕੀਤਾ, ਭਰੋਸਾ ਬੰਨ੍ਹਿਆ। ਫਿਰ ਇਸ ਨਾਲ ਪ੍ਰੇਮ ਕੀਤਾ। ਅਰਥਾਤ ਪ੍ਰੇਮ ਨਾਲ ਜਪਣਾ ਅਰੰਭਿਆ। ਅੰਤਰ ਗਤ ਤੀਰਥ ਹੈ ਇਕ, ਅਰਥਾਤ ਸਾਡਾ ਆਪਣਾ ਮਨ ਇਕ ਤੀਰਥ ਹੈ। ਉਸ ਤੀਰਥ ਵਿਚ ਇਸ਼ਨਾਨ ਕਰਨਾ ਸਿੱਖਿਆ। ਉਹ ਐਉਂ ਕਿ ਜੀਭ ਨਾਮ ਜਪੇ, ਮਨ ਸਿਮਰਨ ਵਿਚ ਜਾਵੇ। ਜਿਸ ਨੂੰ ਸਿਮਰਦਾ ਹੈ, ਉਸ ਦੇ ਗੁਣਾਂ ਨੂੰ ਗਾਉਂਦਾ ਸਿਫਤ ਸਲਾਹ ਦੇ ਭਾਵ ਵਿਚ ਭਰਦਾ ਉਸ ਦੇ ਨਾਲ ਪ੍ਰੇਮ ਵਿਚ ਆਵੇ। ਇਹ ਅੰਤਰ ਮੁਖ ਇਸ਼ਨਾਨ ਹੈ। ਬੱਸ ਇਸ ਨਾਲ ਮਨ-ਪਰਤੱਖ ਮਨ ਜੋ ਹੈ ਸੋ-ਤਾਂ ਨਿਰਮਲ ਹੁੰਦਾ ਹੈ। ਇਸੇ ਨਾਲ ਮਨ ਦਾ ਸੰਸਕਾਰਾਂ ਨੂੰ ਲਈ ਬੈਠਾ ਹਿੱਸਾ ਬੀ ਸਮਾਂ ਪਾ ਕੇ ਨਿਰਮਲ ਹੋ ਜਾਂਦਾ ਹੈ। ਇਸ ਮਨ ਵਿਚ ਸਾਈਂ ਨਾਮ ਦੇ ਵੱਸ ਗਿਆਂ, ਉਸ ਦੇ ਸਤਿ ਸਰੂਪ ਦੇ ਨਿਵਾਸ ਤੋਂ ਫਿਰ ਇਕ ਸੁਹਾਉ ਤੇ ਸੁੰਦਰਤਾ ਦੀ ਪ੍ਰਤੀਤੀ ਉਪਜ ਪੈਂਦੀ ਹੈ ਤਦੋਂ ਅਨੰਦ ਸਰੂਪ ਵਿਚ ਮਿਲਕੇ ਜੀਵ ਅਨੰਦ ਮਾਣਦਾ ਹੈ। ਸੋ ਪੁਰਖਾ! ਇਹ ਸਾਰੀ ਗਲ ਬਾਤ ਨੂੰ ਅਸੀਂ ਨਾਮ ਕਹਿੰਦੇ ਹਾਂ। ਨਾਮ ਨਾਲ ਕਲਿਆਣ ਹੈ, ਨਾਮ ਦੀ ਸ਼ਰਨ ਲਓ, ਸਾਰੀ ਵਿਆਕੁਲਤਾ ਤੇ ਘਬਰਾ ਹਟ ਜਾਣਗੇ।

ਝੰਡਾ— ਅੱਛਾ! ਇਤਨਾ ਸਾਰਾ ਜੋ ਕੁਛ ਆਪ ਨੇ ਸਮਝਾਇਆ ਹੈ ਨਾਮ ਹੈ! ਅਸਾਂ ਨਾਮ ਨਿਰਾ ਕਿਸੇ ਦੇ ਨਾਉਂ ਨੂੰ ਜਾਣ ਰਖਿਆ ਸੀ।

ਗੁਰੂ ਜੀ— ਨਾਮ ਵਿਦਜਾ ਹੈ, ਨਾਮ ਪਰਮੇਸੁਰ ਦਾ ਨਾਉਂ ਹੈ, ਨਾਮ ਪਰਮੇਸ਼ੁਰ ਦੇ ਗੁਣਾਂ ਦਾ ਸਰੋਵਰ ਹੈ, ਨਾਮ ਉਸਦਾ ਸਰੂਪ ਹੈ। ਆਪੇ ਨੂੰ ਸਾਂਈਂ ਨਾਲ ਲਾਈ ਰੱਖਣਾ ਨਾਮ ਹੈ, ਨਾਲ ਲੱਗੇ ਰਹਿਕੇ ਰੰਗ ਤੇ ਰਸ ਵਿਚ ਜੀਉਣਾ ਨਾਮ ਹੈ {ਨਾਨਕ ਨਾਮੁ ਨ ਛੋਡੈ ਸਾਧਨ ਨਾਮਿ ਸਹਜਿ ਸਮਾਣੀਆ॥ (ਗਉ: ਮ:੧)}; ਨਾਮ ਜੋ ਕੁਛ ਕਿਹਾ ਹੈ, ਅਜੇ ਹੋਰ ਹੈ। ਨਾਮ ਇਕ ਤਿਆਰੀ ਤੇ ਜਤਨ ਹੈ ਜੋ ਸ਼ੁਭ ਕਰਮਾਂ ਤੋਂ ਉਪਰਲਾ ਸਾਧਨ ਤੇ ਦਰਜਾ ਹੈ। ਆਪਣੇ ਆਪ ਨੂੰ ਸਾਂਈਂ ਦੇ ਅਸਰ ਹੇਠ ਲਿਆਉਣਾ ਨਾਮ ਹੈ। ਜਿਵੇਂ ਪਾਲੇ ਲਗਦੇ ਸਰੀਰ ਨੂੰ ਸੂਰਜ ਦੇ ਸਨਮੁਖ ਕਰਨਾ ਅਪਣੇ ਪਾਲੇ ਨੂੰ ਹਰਨਾਂ ਹੈ, ਤਿਵੇਂ ਅਵਗੁਣੀ ਭਰਪੂਰ ਮਨ ਨੂੰ ਸਾਂਈਂ ਦੇ ਸਨਮੁਖ ਕਰਨਾ ਤੇ ਕਰੀ ਰਖਣਾ ਮਨ ਦੇ ਅਵਗੁਣਾਂ ਨੂੰ ਹਰ ਲੈਣਾ ਹੈ। ਇਹ ਮਨ ਨੂੰ ਸਾਂਈਂ ਦੇ ਅਸਰਾਂ ਲਈ ਉਸ ਦੇ ਸਨਮੁਖ ਕਰਨਾ ਤੇ ਰੱਖਣਾ, ਇਹ ਰੁਖ਼, ਇਹ ਝੁਕਾਉ, ਇਹ ਯਾਦ ਇਹ ਯਤਨ ਸਭ ਨਾਮ ਹੈ।

ਝੰਡੇ ਦਾ ਅੰਦਰ ਸੰਸਿਆ ਤੇ ਦੁਬਿਧਾ ਦੀਆਂ ਵਿਚਾਰਾਂ ਤੋ ਸਾਫ ਹੋ ਗਿਆ ਸੀ। ਉਸ ਨੂੰ ਨਿਰਮਲ ਸੋਝੀ ਤੇ ਅਮੰਨਾ ਹੋਇਆ ਸੀ, ਉਹ ਸੁਣ ਸੁਣਕੇ ਪਿਆਰ ਦੇ ਉੱਚੇ ਵਲਵਲਿਆਂ ਨਾਲ ਭਰ ਰਿਹਾ ਸੀ, ਸਿਮਰਨ ਦੀ ਰੌ ਮਨ ਵਿਚ ਟੁਰ ਪਈ ਸੀ ਤੇ ਸੁਆਦ ਆ ਰਿਹਾ ਸੀ, ਹੁਣ ਹੋਰ ਕੁਛ ਨਾ ਬੋਲਿਆ ਤੇ ਰਸ ਮਗਨ ਹੋ ਗਿਆ।

ਉਧਰ ਮਰਦਾਨਾ ਭੋਜਨ ਖਾਕੇ, ਦੂਰ ਜਾ ਕੇ ਕੁਰਲਾ ਪਾਣੀ ਕਰ ਦਬੇ ਪੈਰੀਂ ਉਰੇ ਆਕੇ ਮਲਕੜੇ ਜੇਹੇ ਕੋਲ ਆ ਬੈਠਾ ਸੀ। ਜਦ ਬਾਤ ਚੀਤ ਬੱਸ ਹੋਈ ਤੇ ਉਸ ਨੇ ਝੰਡੇ ਨੂੰ ਟਿਕਿਆ ਹੋਇਆ ਡਿੱਠਾ ਤਾਂ ਹੌਲੇ ਜਿਹੇ ਦਾਤਾ ਜੀ ਨੂੰ ਕਹਿਣ ਲਗਾ— ਹਾਂ, ਹੁਣ ਤਾਂ ਪ੍ਰਾਹੁਣਚਾਰੀ ਕਰ ਚੁਕੇ ਹੋ, ਆਏ ਅਤਿੱਥੀ ਨੂੰ ਰੱਬੀ ਖਾਣਾ ਖੁਆਲ ਚੁਕੇ ਹੋ, ਹੁਣ ਤਾਂ ਆਪਣੇ ਸਰੀਰ ਨੂੰ ਕੁਛ ਅੰਨ ਪਾਣੀ ਦਾ ਆਧਾਰ ਦਿਓ।

ਸਤਿਗੁਰੂ ਸੁਣਕੇ ਮੁਸਕ੍ਰਾਏ ਤੇ ਕਹਿਣ ਲਗੇ ਮਰਦਾਨਿਆਂ! ਠਹਿਰ ਜਾਹ, ਖੁਆਲਣਾ ਖਾਣ ਨਾਲੋਂ ਬਰਕਤ ਵੰਦਾ ਹੈ।

੪.

ਸਮਾਂ ਲੰਘਦਾ ਗਿਆ, ਪਰ ਮਰਦਾਨੇ ਦੇ ਦਿਲ ਨੂੰ ਆਪਣੇ ਪਿਆਰੇ ਦੀ ਭੁੱਖ ਚੈਨ ਨਹੀਂ ਸੀ ਲੈਣ ਦਿੰਦੀ, ਚਾਹੁੰਦਾ ਸੀ ਕਿ ਕਿਵੇਂ ਕੁਛ ਮੂੰਹ ਪਾਉਣ।ਦੋ ਤ੍ਰੈ ਵੇਰੀ ਉਸ ਦੇ ਬੋਲਣ ਨਾਲ ਝੰਡੇ ਦਾ ਧਿਆਨ ਆਪਣੀ ਮਗਨਤਾ ਵਲੋਂ ਇਸ ਪਾਸੇ ਪਰਤਿਆ, ਕਿ ਹੈਂ! ਅਜੇ ਤਕ ਦਾਤਾ ਸਾਂਈਂ ਜੀ ਭੁੱਖੇ ਹਨ ਤੇ ਮੈਂ ਸੁਆਰਥੀ ਨੇ ਉਹਨਾਂ ਤੋਂ ਅੰਮ੍ਰਿਤ ਭੋਜਨ ਖਾ ਖਾ ਕੇ ਬੱਸ ਨਹੀਂ ਕੀਤੀ ਤੇ ਉਹਨਾਂ ਨੂੰ ਦੋ ਪੈਸੇ ਭਰ ਅੰਨ ਮੂੰਹ ਪਾਉਣ ਦਾ ਬੀ ਵਿਹਲ ਨਹੀਂ ਲੈਣ ਦਿੱਤਾ! ਨਾਮ ਸਿਮਰਦਾ, ਜਿਸਦੀ ਰੌ ਅੰਦਰ ਟੁਰ ਪਈ ਸੀ- ਹੱਥ ਜੋੜ ਕੇ ਆਖਣ ਲੱਗਾ:— ਨਿਰੰਕਾਰ ਦੀ ਜਯੋਤ ਜੀ! ਆਪ ਭੋਜਨ ਪਾਓ।

ਗੁਰੂ ਜੀ— ਅਜੇ ਕਿਸੇ ਹੋਰਸ ਨੂੰ ਖੁਆਲਣਾ ਹੈ ਪਹਿਲੋਂ।

ਝੰਡਾ— ਪਾਤਸ਼ਹ! ਫਿਰ ਇੱਥੇ ਉਦਿਆਨ ਵਿਚ ਨਾ ਬੈਠੋ ਤੇ ਇਸ ਦਾਸ ਦੇ ਡੇਰੇ ਚੱਲੋ।

ਮਿਹਰਾਂ ਦੇ ਸਾਂਈਂ ਸੁਣ ਕੇ ਟੁਰ ਪਏ ਤੇ ਰਸਤੇ ਵਿਚ ਵਾਰਤਾਲਾਪ ਜੁ ਹੋਈ ਉਸ ਤੋਂ ਝੰਡੇ ਨੇ ਸਮਝ ਲਿਆ ਕਿ ਆਪ ਇੰਦਰਸੈਨ ਨੂੰ ਅੰਮ੍ਰਿਤ ਦਾਨ' ਦਾ ਭੋਜਨ ਪਾਉਣਗੇ। ਝੰਡੇ ਨੂੰ ਇਹ ਬੀ ਹਮਸੋਸ ਆਇਆ ਕਿ ਮੈਂ ਆਪਣੇ ਮਿੱਤਰ ਨੂੰ ਪਹਿਲੋਂ ਕਿਉਂ ਨਾ ਸੱਦ ਲਿਆ, ਉਹ ਬੀ ਅੰਮ੍ਰਿਤ ਵਚਨ ਸੁਣਦਾ! ਇਸ ਤ੍ਰਾਂ ਵਿਚਾਰਦਾ ਸਤਿਗੁਰਾਂ ਨੂੰ ਘਰ ਡੇਰਾ ਕਰਾਕੇ ਗੁਰੂ ਜੀ ਦੀ ਆਗਯਾ ਵਿਚ ਇੰਦਰ ਸੈਣ ਨੂੰ ਸੱਦਣ ਚਲਾ ਗਿਆ ਤੇ ਉਸ ਨੂੰ ਮਿਲ ਕੇ ਕਹਿਣ ਲੱਗਾ:—

ਕਰਹਿੰ ਹੇਤ ਜਿਹ ਗਯਾਨ ਧਿਆਨਾ॥
ਮਿਲਾ ਸੰਤ ਪੂਰਨ ਗਤਿ ਦਾਨਾ ॥੪੦॥
ਚਲਹੁ ਬੁਲਾਵਤ, ਅਬ ਤਿਹ ਪਾਹੀ॥
ਤੁਮ ਬਿਨ ਅਸਨ ਅਚਤ ਸੋ ਨਾਹੀ॥
(ਨਾ: ਪ੍ਰ:)

ਇੰਦਰ ਸੈਣ ਸੁਣ ਕੇ ਖੁਸ਼ ਹੋਇਆ। ਦੋਵੇਂ ਇਕੱਠੇ ਟੁਰ ਪਏ। ਰਸਤੇ ਵਿਚ ਝੰਡੇ ਨੇ ਸਾਰੀ ਗੱਲ ਬਾਤ ਸੁਣਾਈ ਤੇ ਦੱਸਿਆ ਕਿ ਕੱਲ ਜਿਸ ਆਦਮੀ ਨੂੰ ਤੁਸੀਂ ਛੱਡ ਆਏ ਸਾਓ ਮੇਰੇ ਘਰ, ਸੋਈ ਪੁਰਖ ਸੀ ਉਸ ਜੋਤਿ ਨਿਰੰਜਨੀ ਦਾ ਕੀਰਤਨੀਆਂ। ਉਸ ਦੀਆਂ ਗੱਲਾਂ ਤੋਂ ਗੁਰੂ ਨਾਨਕ ਦੇਵ ਜੀ ਦੇ ਵਾਕਾਂ ਤੋਂ ਜਾਣ ਪੈਂਦਾ ਹੈ ਕਿ ਉਹ ਸਾਨੂੰ ਜਾਣਦੇ ਹਨ ਤੇ ਸਾਡੇ ਤਾਰਨ ਨਮਿੱਤ ਏਧਰ ਆਏ ਹਨ। ਕੀਕੂੰ ਜਾਣਦੇ ਹਨ? ਕਦੋਕਣੇ ਜਾਣਦੇ ਹਨ? ਤੁਸੀਂ ਵਿਚਾਰ ਕਰੋ। ਮੈਨੂੰ ਤਾਂ ਜਾਪਦਾ ਹੈ ਕਿ ਉਹਨਾਂ ਦਾ ਅੰਦਰਲਾ ਦਿੱਬ ਜਜੋਤੀ ਹੈ ਅਰ ਉਹ ਸੁਤੇ ਸਿੱਧ ਹੀ ਉਹ ਕੁਛ ਜਾਣਦੇ ਹਨ ਜੋ ਅਸੀਂ ਅਕਲਾਂ ਫਿਕਰਾਂ ਨਾਲ ਬੀ ਨਹੀਂ ਜਾਣਦੇ। ਫਿਰ ਝੰਡੇ ਨੇ ਮਰਦਾਨੇ ਨਾਲ ਹੋਈ ਗੱਲ ਬਾਤ ਤੇ ਸਤਿਗੁਰਾਂ ਦੇ ਉਚਾਰੇ ਵਾਕ— ਜਿਵੇਂ ਕੁ ਯਾਦ ਸਾਸੁ-ਇੰਦ੍ਰ ਸੈਣ ਨੂੰ ਸੁਣਾਏ। ਇੰਦਰ ਸੈਣ ਕਦੇ ਮੁਸਕ੍ਰਾਉਂਦਾ ਸੀ, ਕਦੇ ਅੱਥਰੂ ਭਰਦਾ ਸੀ ਤੇ ਕਦੇ ਸੋਚ ਵਿਚ ਲਹਿ ਜਾਂਦਾ ਸੀ, ਫੇਰ ਹੱਸਦਾ ਤੇ ਆਖਦਾ ਸੀ:— ਆਪੇ ਹੀ ਦਿਆਲ ਹੁੰਦਾ ਹੈ ਤਾਂ ਜੀਵਾਂ ਦਾ ਕੁਛ ਬਣਦਾ ਹੈ।

ਇਸ ਤਰ੍ਹਾਂ ਆਪੋ ਵਿਚ ਵਾਰਤਾਲਾਪ ਕਰਦੇ ਤੇ ਗੱਲਾਂ ਸਮਝਦੇ ਸਮਝਾਉਂਦੇ ਅਚਰਜ ਹੁੰਦੇ ਤੇ ਸ਼ੁਕਰ ਵਿਚ ਪੈਂਦੇ ਦੁਏ ਟੁਰੀ ਆਏ। ਜਾਂ ਆ ਟਿਕਾਣੇ ਪੁੱਜੇ ਤਾਂ ਇੰਦਰ ਸੈਣ ਨੇ ਅੱਗੇ ਹੋਕੇ ਮੱਥਾ ਟੇਕਿਆ। ਮਾਨੁੱਖ ਕੁਲ ਦੇ ਸ਼ਰੋਮਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਸ਼ੀਰਵਾਦ ਦਿੱਤੀ:— ਆਓ ਭਾਈ ਇੰਦਰ ਸੈਣ! ਰਾਜ਼ੀ ਹੋ?

ਇੰਦਰ ਸ਼ੈਣ ਦਰਸ਼ਨ ਕਰਦੇ ਸਾਰ ਐਉਂ ਖਿੱਚ ਖਾ ਗਿਆ ਸੀ ਜਿਵੇਂ ਕੋਈ ਮੁੱਦਤਾਂ ਦੇ ਜਾਣੇ ਸਿਆਣੇ ਪਰਮ ਹਿਤੂ ਜੀ ਮਿਲਦੇ ਹਨ। ਡਾਢੇ ਪਿਆਰ ਵਿਚ ਆਕੇ ਕਹਿਣ ਲਗਾ; 'ਆਪ ਦੀ ਮਿਹਰ ਹੈ, ਤ੍ਰੁੱਠੇ ਹੋ, ਬਿਰਦ ਸੰਭਾਲਿਆ ਨੇ। ਮੁੱਦਤਾਂ ਤੋਂ ਤਰਲੇ ਲੈ ਰਹੇ ਸਾਂ, ਹੁਣ ਚਾਨਣਾ ਦਿਓ ਤੇ ਪਰਦਾ ਉਠਾਕੇ ਦਿਖਾ ਦਿਓ ਜੋ ਹੈ ਦੇਖਣੇ ਯੋਗ?'

ਗੁਰੂ ਜੀ— ਜੋ ਮਨ ਨਾਲ ਸੋਚੀਦਾ ਹੈ ਉਹ ਜਾਣਨਾ ਹੈ, ਗਿਆਨ ਹੈ, ਪਰ ਮਨ ਦੀ ਸੋਚ ਵਿਚ ਉਹ ਨਹੀਂ ਆ ਸਕਦਾ ਜੋ ਸੋਚ ਤੋਂ ਪਰੇ ਹੈ, ਇਹੋ ਪਰਦਾ ਹੈ ਜੋ ਆਪ ਅਸਾਂ ਆਪੇ ਅੱਗੇ ਤਾਣ ਰੱਖਿਆ ਹੈ। ਇੰਦਰ ਸੈਣ! ਘਾਲ ਜੋ ਕਰਦੇ ਰਹੇ ਹੋ ਤੇ ਜੋ ਕਰੀਦੀ ਹੈ ਉਹ ਨੂਰ ਲਈ ਹੀ ਕਰੀਦੀ ਹੈ, ਪਰ ਨੂਰ ਤਾਂ ਖੁੱਲ੍ਹਦਾ ਹੈ ਜੇ ਮਨ ਤੋਂ ਪਰੇ ਪ੍ਰਤੀਤੀ ਦੇ ਦੇਸ਼ ਨੂੰ ਟੁਰੀਏ ਤਾਂ। ਉਸ ਦਾ ਮਾਰਗ, ਪ੍ਰੇਮ ਹੈ, ਭਗਤੀ ਹੈ।

ਇੰਦਰ ਸੈਣ— ਸੱਚ ਹੈ, ਭਗਤੀ ਅੰਤ ਨੂੰ ਮਿਲਾਉਂਦੀ ਹੈ ਤੇ ਗਿਆਨ ਅੰਤ ਨੂੰ ਪਰਦਾ ਦੂਰ ਕਰਦਾ ਹੈ, ਪਰ ਮਨਾਂ ਦੇ ਰੁਖ਼ ਅੱਡਰੇ ਹਨ। ਝੰਡੇ ਦਾ ਰੁਖ਼ ਭਗਤੀ ਵਲ ਵਧੇਰੇ ਪੈਂਦਾ ਹੈ, ਮੇਰਾ ਗਿਆਨ ਵੰਨੇ, ਹਾਂ ਦੋਵੇਂ ਸਤਿਸੰਗੀ। ਸਾਧਨ ਦੋਹਾਂ ਨੇ ਇਕੋ ਕੀਤੇ ਹਨ:— ਮਨ ਨੂੰ ਧਾਵਣੋ ਵਰਜਣਾ, ਹਾਂ, ਨਾਮ ਰੂਪ ਤੋਂ

ਮਨ ਨੂੰ ਹਟਾ ਹਟਾ ਕੇ ਇਕ ਸਾਰ' ਤੇ ਟਿਕਣ ਦਾ ਜਤਨ ਕਰਦੇ ਰਹੇ ਹਾਂ, ਪਰ ਬਣਿਆ ਨਹੀਂ ਕੁਛ, ਇਕ ਸ਼ੁਨ ਜਿਹੀ ਵਿਚ ਟਿਕਾਉ ਜਿਹਾ ਕੁਛ ਭਾਸਦਾ ਹੈ ਜੋ ਉੱਕ ਉੱਕ ਜਾਂਦਾ ਹੈ, ਜਾਂ ਜਿਸ ਤੋਂ ਛੇਤੀ ਉਟਕ ਉਟਕ ਜਾਈਦਾ ਹੈ। ਕੋਈ ਰੇਖ ਵਿਚ ਮੇਖ ਮਾਰੋ, ਕੋਈ ਸਰ ਸੰਧ ਕੇ ਛਡੋ ਜੋ ਹਨੇਰਾ ਜਿਹਾ, ਜਿਹੜਾ ਰਹਿੰਦਾ ਹੈ, ਦੂਰ ਹੋਵੇ। ਕੁਛ ਦਿਨ ਅਸਾ ਦੋਹਾਂ ਨੇ ਕੁਛ ਜੋਗ ਸਾਧਨ ਬੀ ਕੀਤੇ ਹਨ, ਪਰ ਸੰਸਾ ਘਟ ਵਿਚ ਆ ਆ ਉਖੇੜਦਾ ਰਹਿੰਦਾ ਹੈ। ਹਾਂ ਇਕ ਗਲ ਕਦੇ ਕਦੇ ਮੇਰੇ ਤੇ ਵਾਪਰਦੀ ਹੈ ਐਉਂ ਭਾਸਦਾ ਰਿਹਾ ਹੈ ਕਿ ਮਿਹਰ ਹੋਵੇਗੀ, ਆਪ ਆਵੇਗਾ, ਲੜ ਲਾਵੇਗਾ।

ਗੁਰੂ ਜੀ— ਫਿਰ ਇੱਛਾ ਕੀ ਹੈ, ਲੋੜ ਕਿਵੇਂ ਹੈ?

ਇੰਦਰ ਸੈਣ— ਬਹੁਤ ਦਿਨਨ ਕੀ ਹਮ ਉਰ ਚਾਹੂ। ਕਰਹੁ ਦ੍ਵੈਤ ਸਭ ਉਰ ਤੇ ਦਾਹੂ ॥੪੪॥ ਗਜਾਨਾਨੰਦ ਦਾਨ ਕੋ ਦੀਜੈ। ਹਮ ਪਰ ਸੰਤ ਕ੍ਰਿਪਾਲ! ਪ੍ਰਸੀਜੈ। ਕੋਟਕ ਜਨਮ ਬਿਤੀਤੇ ਭੂਲੇ। ਨਿਜ ਸਰੂਪ ਤੇ ਭੇ ਪ੍ਰਤਿਕੂਲੇ॥੪੫॥ ਸੋ ਸਰੂਪ ਅਬ ਦੇਹੁ ਦਿਖਾਈ। ਜਾਂ ਮੈਂ ਕਬਹੂ ਨ ਆਵਨ ਜਾਈ॥ ਹਿਰਖ ਸ਼ੋਕ ਕੇ ਦੁੰਦ ਬਿਹੀਨਾ। ਜੋ ਕਿਹ ਮਲ ਤੇ ਹ੍ਵੈ ਨ ਮਲੀਨਾ॥੪੬॥ (ਨਾ: ਪ੍ਰ:)

ਸੁਣਕੇ ਸ੍ਰੀ ਗੁਰੂ ਜੀ ਮੁਸਕ੍ਰਾਕੇ ਬੋਲੇ— ਜੇ ਗਜਾਨਾਨੰਦ ਦੀ ਇੱਛਾ ਹੈ ਤਾਂ ਸਾਨੂੰ ਗੁਰ ਦੱਛਨਾ ਕੀਹ ਦਿਓਗੇ?

ਇੰਦਰ ਸੈਣ— ਜੋ ਆਗਜਾ ਕਰੋ।

ਗੁਰੂ ਜੀ— ਸਰਬੰਸ ਦੇ ਦਿਓ।

ਇੰਦਰ ਸੈਣ ਜੀ ਕਹਿਨ ਲਗੇ:

ਹਮਾਰਾ ਧਨ ਧਾਨਾ। ਸਦਨ ਸਹਿਤ ਤੁਮ ਚਰਨ ਚਢਾਨਾਂ।
ਹਮ ਨਹਿੰ ਗ੍ਰਹਨ ਕਰੈਂ ਅਬ ਕੋਊ। ਜੋ ਸਰਬੰਸ ਹੁਤੋ ਦਿਯ ਸੋਊ॥੫੨॥
(ਨਾ: ਪ੍ਰ:)

ਗੁਰੂ ਜੀ— ਹੁਣ ਤੁਸਾਂ ਪਾਸ ਆਪਣਾ ਕੀ ਰਹਿ ਗਿਆ ਹੈ?

ਇੰਦਰ ਸੈਣ— ਇਕ ਇਹ ਸਰੀਰ।

ਗੁਰੂ ਜੀ— ਇਹ ਬੀ ਦੇ ਦਿਓ।

ਇੰਦਰ ਸੈਣ— ਸਤਿ ਬਚਨ, ਇਹ ਬੀ ਅਰਪਣ ਹੈ ਆਪ ਦੇ।

ਗੁਰੂ ਜੀ— ਹੁਣ ਆਪ ਪਾਸ ਆਪਣਾ ਕੀ ਬਾਕੀ ਹੈ?

ਇੰਦਰ ਸੈਣ— ਅੰਤਹਕਰਣ।

ਗੁਰੂ ਜੀ— ਇਹ ਬੀ ਅਰਪ ਦਿਓ, ਕਿਉਂਕਿ ਇਹ ਬੀ ਤੁਹਾਡੇ ਸਰਬੰਸ ਵਿਚੋਂ ਹੈ। ਇਹ ਬੀ ਤੁਹਾਡੀ 'ਮੈਂ' ਨਹੀਂ ਪਰ ਮੈਂ ਦਾ 'ਮੇਰਾ'; ਤੁਹਾਡੀ ਵਸਤੂ ਜਿਸ ਦੇ ਤੁਸੀਂ ਮਾਲਕ ਹੋ।

ਇੰਦਰ ਸੈਣ— ਇਹ ਬੀ ਸਮਰਪਣ ਹੈ।

ਗੁਰੂ ਜੀ— ਹੁਣ ਜੋ ਸੰਸਾ ਤੁਹਾਨੂੰ ਹੈ ਉਹ ਪੁੱਛੋ ਜਿਸ ਕਰਕੇ ਗਯਾਨ ਵਿਚ ਕਸਰ ਹੈ।

ਇੰਦਰ ਸੈਣ ਨੇ ਜਦ ਪ੍ਰਸ਼ਨ ਕੀਤਾ ਤਾ ਦਾਤਾ ਜੀ ਨੇ ਆਖਿਆ, ਭਾਈ! ਇਹ ਜੋ ਹੁਣ ਤੁਹਾਨੂੰ ਸੰਕਲਪ ਫੁਰਦੇ ਹਨ ਜਿਨ੍ਹਾਂ ਕਰਕੇ ਸੰਸੇ ਪੁੱਛਦੇ ਹੋ, ਸੋ ਤਾਂ ਮਨ ਦਾ ਧਰਮ ਹੈ, ਮਨ ਨੂੰ ਫੁਰਨਾ ਫੁਰਦਾ ਹੈ, ਸੰਕਲਪ ਉਪਜਦੇ ਹਨ, ਸੰਸੇ ਉਠਦੇ ਹਨ, ਮਨ ਤੁਸੀਂ ਸਾਨੂੰ ਅਰਪ ਚੁਕੇ ਹੋ, ਸਾਨੂੰ ਅਰਪੀ ਸ਼ੈ ਨਾਲ ਤੁਸੀਂ ਜੋ ਸੰਕਲਪ ਕਰਦੇ ਹੋ, ਸੋ ਹੁਣ ਤੁਹਾਡਾ ਧਰਮ ਨਹੀਂ ਹੈ। ਇਹ ਸੁਣਕੇ ਦੋਵੇਂ ਅੰਦਰ ਇਕ ਅਚਰਜ ਦਸ਼ਾ ਵਿਚ ਹੋ ਗਏ। ਸੰਕਲਪ ਫੁਰਨੋਂ ਰੁਕ ਖੜੋਤਾ, ਫੁਰੇ ਤਾਂ ਅੰਦਰੋਂ ਹੀ ਦੂਜਾ ਫੁਰਨਾ ਫੁਰੇ ਕਿ ਇਹ ਧਰਮ ਨਹੀਂ। ਇਉਂ ਜਤਨ ਕਰਦੇ ਦੋਵੇਂ ਇਕ ਟਿਕਾਉ ਜਿਹੇ ਵਿਚ ਹੋ ਗਏ। ਫਿਰ ਗੁਰੂ ਜੀ ਨੇ ਕਿਹਾ ਤੁਸਾਂ ਦੇ ਅੰਦਰ ਜੋ ਆਪਣੀ ਚਿਤਵਨਾ ਤੇ ਹਉਂ ਮਾਤ੍ਰ ਹੈ ਸੋ ਬੀ ਅੰਤਹਕਰਣ ਦਾ ਧਰਮ ਹੈ ਜੋ ਤੁਸੀਂ ਦੇ ਚੁਕੇ ਹੋ। ਇਹ ਕਹਿਦਿਆਂ ਆਪ ਦੇ ਨੈਣਾਂ ਨੇ ਇਕ ਐਸਾ ਬਾਣ ਮਾਰਿਆ ਕਿ ਦੁਹਾਂ ਦਾ ਆਪਾ ਦੂਈ ਦੀ ਛੋਹ ਤੋਂ ਪਰੇ ਹੋ ਗਿਆ, ਜੋ ਪਰਛਾਈਂ ਕਿ ਹਉਂ ਹਉਂ ਮੈਂ ਮੈਂ ਦੇ ਫੁਰਨੇ ਨੇ ਪਾਈ ਹੋਈ ਸੀ ਸੋ ਦੂਰ ਹੋਈ ਤੇ ਓਹ ਦੁਇ ਅਪਣੇ 'ਆਪੇ' ਵਿਚ ਟਿਕ ਗਏ। ਜੋ ਗਲ ਕਦੇ ਉਨ੍ਹਾਂ ਨੇ ਅਪਣੇ ਸਾਧਨਾਂ ਨਾਲ ਅਪਣੇ ਤਜਰਬੇ ਵਿਚੋਂ ਨਹੀਂ ਸੀ ਲੰਘਦੀ ਵੇਖੀ ਅੱਜ ਲੰਘੀ, ਹਾਂ ਦੁਹਾਂ ਨੂੰ ਅਨੁਭਵ ਹੋ ਗਈ। ਕੁਝ ਚਿਰ ਮਗਰੋਂ ਨੈਣ ਖੁੱਲ੍ਹੇ ਤਾਂ ਸ੍ਰੀ ਸਤਿਗੁਰ ਜੀ ਬੋਲੇ— ਤੁਸਾਂ ਦਾ ਧਨ ਧਾਮ ਸਰੀਰ ਅੰਤਹਕਰਨ ਸਭ ਕੁਛ ਤੁਸਾਂ ਦਾ ਹੈ, ਤੁਸਾਂ ਪਾਸ ਰਹੇ ਜਦ ਤਕ ਹੈ ਸਰੀਰ, ਅਸਾਂ ਨੂੰ ਕਾਈ ਸ਼ੈ ਦੀ ਲੋੜ ਨਹੀਂ। ਅਸਾਂ ਲਏ ਸਨ ਤੁਸਾਨੂੰ 'ਮੈਂ ਮੇਰੀ' ਤੋਂ ਚੁੱਕਕੇ ਅਸਲ 'ਮੈਂ' ਦਾ ਝਲਕਾ ਦਿਖਾਵਣ ਵਾਸਤੇ। 'ਮੈਂ ਮੇਰੀ' ਅੰਦਰੋਂ ਉਠਦੀਆਂ ਨਹੀਂ, ਇਸ ਕਰ ਕੇ ਆਪੇ ਵਿਚ ਟਿਕਾਉ ਨਹੀਂ ਮਿਲਦਾ ਅਸਾਂ ਤੁਸਾਨੂੰ ਤੁਹਾਡੀ ਸਾਰੀ ਮੈਂ ਤੇ ਮੇਰੀ ਓਪਰੀ ਕਰਕੇ ਦਿਖਾਈ ਹੈ, ਹੁਣ ਬਾਕੀ ਕੀ ਰਿਹਾ? ਆਪੇ ਦਾ ਆਪੇ ਵਿਚ ਆਪੇ ਨੂੰ ਪ੍ਰਤੀਤ ਕਰਨਾ, ਸੋ ਪ੍ਰਤੀਤੀ ਤੁਸਾਂ ਨੇ ਹੁਣ ਮਾਣ ਲਈ ਹੈ, ਹਾਂ ਦੇਖ ਲਈ ਹੈ। ਹੁਣ ਕਦੇ ਇਸ 'ਮੈਂ ਮੇਰੀ' ਨੂੰ, ਜੋ ਓਪਰੀ ਕੀਤੀ ਨੇ, ਆਪਣੀ ਨਾ ਕਰਿਓ, ਤਾਂ ਗਿਆਨ, ਜੋ ਹੁਣ ਦਾਨ ਹੋਯਾ ਹੈ, ਟਿਕਿਆ ਰਹੇਗਾ, ਨਹੀਂ ਤਾਂ ਮੁੜ ਸਿਥਲਤਾ ਹੋਵੇਗੀ। ਢਿੱਲ ਪਏਗੀ। ਇਸ ਲਈ ਨਾਮ ਅਭਿਆਸ ਦੀ ਸਦਾ ਲੋੜ ਹੈ, ਜਦੋਂ ਸਿਥਲਤਾ ਹੋਵੇ ਤਾ ਅਭਿਆਸ ਨਾਲ ਦੂਰ ਹੁੰਦੀ ਹੈ ਤੇ ਇਹ ਜੋ ਝਲਕਾ ਤੁਸਾਨੂੰ ਹੁਣ ਵੱਜਾ ਹੈ, ਸੋ ਮੁੜ ਵਜਦਾ ਰਹਿੰਦਾ ਹੈ, ਤਾਂ ਤੇ ਨਾਮ ਦਾ ਲੜ ਘੁੱਟ ਕੇ ਫੜ ਲਓ।

ਹੁਣ ਟੂਰੋ ਅੱਗੇ, ਆਤਮਾ ਦਾ ਪਰਮਾਤਮਾ ਨਾਲ ਮੇਲ। ਸ਼ੁੱਧ ਹੋਏ ਨਿਰਮਲ ਤੇ ਨਿਹਕੇਵਲ ਹੋਏ ਆਤਮਾ ਵਿਚ ਬੀ 'ਪਹਿਲੋਂ ਕਮਾਈ ਭਗਤੀ' ਦੇ ਅਤਿ ਸੂਖਮ ਤੇ ਸਮਝੋਂ ਪਰੇ ਪ੍ਰੇਮ ਭਾਵ ਦੀ ਲੋੜ ਹੈ, ਜੋ ਇਸ ਆਤਮਤੱਤ ਨੂੰ, ਜਿਸ ਨੂੰ

ਤੁਸਾਂ ਅਨੁਭਵ ਕੀਤਾ ਹੈ, ਪਰਮੇਸ਼ਰ ਜੀ ਨਾਲ ਮੇਲ ਦੇਂਦਾ ਹੈ। ਨਿਰਾ ਆਤਮਾਂ ਦਾ ਨਿਹਕੇਵਲ ਹੋ ਜਾਣਾ ਕਾਫੀ ਨਹੀਂ, ਨਿਹਕੇਵਲ ਹੋਕੇ ਪਰਮਾਤਮਾਂ ਜੀ ਨੂੰ ਮਿਲੀਦਾ ਹੈ। ਇਥੇ ਨਦਰ ਦਾ ਕ੍ਰਿਸ਼ਮਾ ਕੰਮ ਕਰਦਾ ਹੈ। ਜੀਵਾਤਮਾ ਜਦ ਇਥੇ ਆਵੇ ਤਾ ਕੋਈ ਕ੍ਰਿਸ਼ਮਾ 'ਅਨੰਤ' ਵਿਚੋਂ ਤੇ 'ਅਨੰਤ' ਵਲੋਂ ਸੁਛੰਦ ਵਰਤਦਾ ਹੈ ਜੋ ਜੀਵ ਤੱਤ ਨੂੰ ਪਰਮ ਤੱਤ (ਪਰਮਾਤਮ ਤੱਤ੍ਵ) ਨਾਲ ਮੇਲ ਲੈਂਦਾ ਹੈ। {ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥(ਆਸਾ ਮ: ੧)} ਜੀਵ ਤੱਤ੍ਵ ਦਾ ਨਿਰੋਲ ਹੋਕੇ ਬ੍ਰਹਮ ਤੱਤ੍ਵ ਵਿਚ ਮਿਲਾਪ ਇਹ ਜੀਵ ਤੱਤ੍ਵ ਦਾ ਕਰਤੱਵ ਨਹੀਂ ਇਹ ਬ੍ਰਹਮਤੱਤ੍ਵ ਦੀ ਮਿਹਰ ਹੁੰਦੀ ਹੈ, ਇਸਨੂੰ ਨਦਰ ਆਖੀਦਾ ਹੈ। ਇਹ ਅਸਾਂ ਤੁਸਾਨੂੰ ਤੁਹਾਡੀ ਸਮਝ ਪੈਣ ਵਾਲੀ ਬੋਲੀ ਵਿਚ ਸਮਝਾਇਆ ਹੈ ਜਿਸਦਾ ਤੁਹਾਨੂੰ ਸੁਭਾਵ ਪਿਆ ਹੋਇਆ ਹੈ। ਮੋਟੇ ਅੱਖਰਾ ਵਿਚ ਸਮਝ ਲਓ ਕਿ ਸਾਡੇ ਅੰਦਰਲੇ ਦੀ ਉੱਨਤੀ ਤਾਂ ਹੀ ਹੁੰਦੀ ਹੈ ਜੇ ਇਹ ਪਰਮੇਸ਼ਰ ਜੀ ਦੇ ਪ੍ਰੇਮ ਵਿਚ ਆਵੇ ਤਾਂ। ਪ੍ਰੇਮ ਕਰਨ ਦਾ ਢੰਗ ਪ੍ਰੇਮ ਦਾ ਵਰਤਾਉ, ਪ੍ਰੇਮ ਦਾ ਸਰੂਪ ਹੈ 'ਨਾਮ'। ਨਾਮ ਦਾ ਸਾਰਾ ਪ੍ਰਕਰਣ ਝੰਡਾ ਸਮਝ ਚੁਕਾ ਤੇ ਤੁਸਾਂ ਨੂੰ ਦੱਸ ਚੁਕਾ ਹੈ। ਨਾਮ ਨਾਲ ਆਪਾ ਆਪੇ ਵਿਚ ਆ ਜਾਂਦਾ ਹੈ ਤੇ ਸਾਰੇ ਰੋਕਣ ਵਾਲੇ ਸਾਮਾਨਾਂ ਤੋਂ ਉੱਚਾ ਹੋ ਜਾਂਦਾ ਹੈ ਤੇ ਹਰ ਪ੍ਰਕਾਰ ਦੇ ਆਵਰਣ ਤੋਂ ਛੁੱਟਦਾ ਹੈ। ਇਸ ਦੇ ਆਸ ਅੰਦੇਸੇ ਦੇ ਪਟ ਟੁੱਟਦੇ ਹਨ। ਨਾਮ ਰੂਪੀ ਪ੍ਰੇਮ ਦਾ ਅੰਦਰ ਨਿਵਾਸ ਹੋਣ ਕਰਕੇ ਉਸ ਆਪੇ ਵਿਚ ਪਰਮੇਸੁਰ ਜੀ ਵਲ ਝੁਕਾਉ ਹੁੰਦਾ ਹੈ, ਤਾਂਘ ਤੇ ਉਲਾਰ ਹੁੰਦਾ ਹੈ, ਉਸ ਉਲਾਰ ਪਰ ਪਰਮੇਸ਼ਰ ਜੀ ਦੀ ਮਿਹਰ ਪੈਕੇ ਉਸਨੂੰ ਚਰਨ ਸ਼ਰਨ, ਜਾਂ ਕਹੋ ਆਪਣੇ ਸਰੂਪ ਵਿਚ, ਲੈ ਲੈਂਦੀ ਹੈ। ਇਹ ਪਰਮ ਪਦ ਹੈ, ਇਹੀ ਗਿਆਨ ਹੈ, ਇਹੀ ਵਸਲ ਹੈ। ਜੇ ਜੀਵ ਲਗਾਤਾਰ ਅਭਿਆਸ ਵਿਚ ਨਾ ਰਹੇ ਤੇ ਸਮਝ ਵਿਚ ਗਜ਼ਾਨ ਦੀਆਂ ਗੱਲਾਂ ਪੈ ਜਾਣ ਤਾ ਜੋ ਗਿਆਨ ਹੁੰਦਾ ਹੈ ਉਹ ਅਸਲੀ ਗਿਆਨ ਨਹੀਂ ਹੁੰਦਾ, ਉਹ ਮਨ ਦਾ ਧਰਮ ਹੈ,— ਜਾਣਨਾ ਮਾਤ੍ਰ। ਉਹ ਗਜ਼ਾਨ ਦੇਸ ਕਾਲ ਵਿਚ ਹੈ, ਉਸ ਨਾਲ ਜੀਵ ਛੁੱਟਦਾ ਨਹੀਂ। ਹਾਂ, ਨਾਮ ਦੇ ਰੰਗ ਨਾਲ, ਪ੍ਰੇਮਾ ਭਗਤੀ ਨਾਲ ਜੋ ਕੁਛ ਅੰਤ ਨੂੰ ਪ੍ਰਾਪਤ ਹੁੰਦਾ ਹੈ, ਸੋ ਅਸਲ ਗਿਆਨ ਹੈ, ਸਫਲ ਗਿਆਨ ਹੈ, ਅਨੁਭਵ ਹੈ, ਸੋ ਪ੍ਰਾਪਤੀ ਹੈ, ਯਥਾਰਥ ਹੈ, ਸੋ ਪ੍ਰੇਮ ਮੁੱਖ ਵਸਤੂ ਹੈ; ਹੋਰ ਚੰਚਲਤਾਈਆਂ ਹਨ ਮਨ ਬੁੱਧਿ ਦੀਆਂ।

ਇੰਦਰ ਸੈਣ— ਝੰਡੇ ਨੂੰ ਆਪ ਦੇ ਨਾਮ ਦੀ ਗੱਲ ਸਮਝਾਉਣ ਨਾਲ ਸੋਝੀ ਹੋ ਆਈ ਹੈ। ਆਪ ਦੀ ਦੱਸੀ ਨਾਮ ਦੀ ਵਿੱਦਯਾ ਕੁਛ ਝੰਡੇ ਤੋਂ ਤੇ ਕੁਛ ਹੁਣ ਆਪ ਜੀ ਤੋਂ ਮੈਂ ਸਮਝੀ ਹੈ। ਸੁਖੀ ਹੋ ਗਏ ਹਾਂ ਦੋਵੇਂ, ਚਿਤ ਵਿਚੋਂ ਸੰਸੇ ਉਠ ਗਏ ਹਨ ਤੇ ਪਰਮੇਸੁਰ ਜੀ ਦਾ ਪਿਆਰ ਤੇ ਧਿਆਨ ਆਕੇ ਇਸ ਨੂੰ ਸੁਧ ਸੁਖ ਰੂਪ ਕਰ ਰਿਹਾ ਹੈ। ਆਪਾ ਸਾਰੇ ਸੰਬੰਧਾਂ ਤੋਂ ਨਿਹਕੇਵਲ ਹੋ ਸਾਂਈਂ ਦੇ ਰੰਗ ਵਿਚ ਮਗਨ ਹੋ ਰਿਹਾ ਹੈ। ਆਪ ਨੇ ਸਾਡੇ ਸਾਰੇ ਛੌੜ ਕੱਟੇ ਹਨ ਤੇ ਉਸ ਰਸਤੇ

ਪਾਇਆ ਹੈ ਕਿ ਸਰੀਰ ਸ਼ੁੱਧ ਹੋ ਜਾਏ; ਅੰਤਹਕਰਣ ਸ਼ੁੱਧ ਹੋ ਜਾਣ, ਮਾੜੇ ਸੰਸਕਾਰ, ਦ੍ਵੈਤਤਾਈ ਦੇ ਸੰਸਕਾਰ ਨਾ ਰਹਿਣ, ਸਰੀਰ, ਮਨ, ਬੁੱਧਿ ਸਾਰੇ 'ਮੈਂ' ਨਾ ਭਾਸਣ, ਪਰ 'ਮੇਰੇ' ਤੇ ਫਿਰ ਇਸ 'ਮੇਰਿ' ਸਾਰੀ ਨਾਲ ਸੰਬੰਧ ਟੁੱਟ ਜਾਏ ਤੇ 'ਮੈਂ' ਰਹਿ ਜਾਏ। 'ਮੈਂ' ਜਦ ਜਗਤ ਵੱਲ, ਪਸਾਰੇ ਵੱਲ, ਗ੍ਰਹਣ ਵੱਲ ਰੁਖ ਕਰੇਗੀ ਤਾਂ ਉਹ ਹੋਵੇਗੀ ਹਉਮੈਂ, ਜੋ ਫਿਰ ਓਪਰੀ ਸ਼ੈ ਹੈ, ਤੇ ਜੇ ਉਹ 'ਮੈਂ' ਰੁਖ ਕਰੇਗੀ ਪਰਮੇਸ਼ੁਰ ਜੀ ਦੇ ਵੱਲ, ਉਧਰ ਰਾਗ ਕਰੇਗੀ ਤੇ ਇਧਰੋਂ ਵਿਰਾਗ, ਅਰਥਾਤ ਸੁਤੇ ਵਿਰਾਗ ਵਿਚ ਹੋਵੇਗੀ ਤਾਂ ਅਨੰਤ ਆਪਣੀ ਮਿਹਰ ਨਾਲ ਉਸ ਨੂੰ ਆਪਣਾ ਲਏਗਾ। ਉਹ ਅਵਸਥਾ ਹੋਵੇਗੀ ਭਗਤੀ ਦੀ, ਉਹੀ ਹੋਵੇਗੀ ਸਫਲ ਗਿਆਨ ਦੀ। ਹੋਰ ਗਿਆਨ, ਕਥਨੀ ਮਾਤ੍ਰ ਵਾਚਜ ਗਿਆਨ ਤਾਂ ਮਨ ਦਾ ਧਰਮ ਹੈ। ਫਿਰ ਆਪ ਨੇ ਸਮਝਾਇਆ ਹੈ ਕਿ ਅਸਲੀਅਤ ਦੀ ਪ੍ਰਾਪਤੀ ਲਈ ਜਦ ਤਕ ਦੇਹੀ ਹੈ, ਜਦ ਤਕ ਦੇਹ ਵਿਚ ਅੰਤਹਕਰਣ ਹਨ, ਜਦ ਤਕ ਇਹ ਟੁਰਦਾ ਫਿਰਦਾ; ਖਾਂਦਾ ਪੀਂਦਾ ਤੇ ਕੰਮ ਕਰਦਾ ਹੈ; ਤਦ ਤਕ ਅੰਤਹਕਰਣ ਕੰਮ ਕਰਦੇ ਹਨ, ਇਸ ਦਾ ਧਰਮ ਹੈ ਸਿਮਰਣ ਵਿਚ ਰਹੇ; ਜਿਸ ਦਾ ਭਾਵ ਇਹ ਹੈ ਕਿ ਲਗਾਤਾਰ ਪ੍ਰੇਮ ਵਿਚ ਰਹੇ। ਸਿਮਰਣ ਪ੍ਰੇਮ ਹੈ। ਪ੍ਰੇਮ ਸਿਮਰਣ ਹੈ। ਇਸ ਨਾਲ ਜਗਤ ਦੇ ਵਿੱਚੇ ਵਸਦਾ ਜੀਵ ਹੋ ਜਾਵੇਗਾ ਉੱਚਾ, ਸੁੱਚਾ, ਸੁਖੀ ਤੇ ਰਸ ਵਿਚ, ਜਾਂ ਜੀਵਨ ਮੁਕਤ। ਕੰਮ ਕਰੇਗਾ, ਪਰ ਲਿਪਾਇਮਾਨ ਨਹੀਂ ਹੋਵੇਗਾ। ਸੁਖੀ ਹੋਵੇਗਾ, ਸੁਖ ਇਸ ਤੋਂ ਦਾਨ ਹੋਵੇਗਾ, ਪਰ ਇਹ ਹਉਂ ਵਿਚ ਨਹੀਂ ਹੋਵੇਗਾ! ਇਹ ਮੈਂ ਸਮਝਿਆ ਤੇ ਲਖਿਆ ਹੈ ਆਪ ਦੀ ਮਿਹਰ ਨਾਲ, ਕੀਤੇ ਬਚਨਾਂ ਨਾਲ, ਝੰਡੇ ਤੋਂ ਸੁਣੇ ਆਪ ਦੇ ਵਾਕਾਂ ਤੋਂ ਤੇ ਆਪ ਦੀ ਕ੍ਰਿਪਾ ਦ੍ਰਿਸ਼ਟੀ ਨਾਲ, ਜੋ ਆਪ ਨੇ ਅਸਾਂ ਪਰ ਪਾਕੇ ਸਾਡੇ ਛੌੜ ਕੱਟੇ ਹਨ। ਭੁੱਲ ਹੋਵੇ ਤਾਂ ਸਹੀ ਕਰ ਦਿਓ। ਖਿਮਾ ਕਰਨੀ ਮੈਂ ਆਪਣੇ ਢੰਗ ਨਾਲ ਗੱਲ ਸਮਝੀ ਹੈ ਤੇ ਦਲੇਰੀ ਕਰਕੇ ਦੁਹਰਾਈ ਹੈ!

ਗੁਰੂ ਜੀ— ਤੁਸੀਂ ਠੀਕ ਸਹੀ ਕੀਤਾ ਹੈ, ਤੁਸਾਂ ਦੋਹਾਂ ਪਰ ਸਾਂਈਂ ਦੀ ਮਿਹਰ ਹੈ, ਜੀਵੇ ਹੋਏ ਹੋ। ਦੇਖੋ! ਇਲਾਹੀ ਰੌ ਚਲ ਰਹੀ ਹੈ ਤੁਹਾਡੇ ਜਾਗੇ ਹੋਏ ਆਪੇ ਵਿਚ। ਪਰ ਇਹ ਨਾ ਸਮਝਣਾ ਕਿ ਪਰਮ ਪਦ ਦੀ ਅਵਸਥਾ, ਜੋ ਸਤਜ ਹੈ ਉਹ ਕਿਸੇ ਜੜ੍ਹਤਾ ਤੁੱਲ ਹੈ।

ਦੋਏ ਹੁਣ ਇਲਾਹੀ ਰੰਗ ਵਿਚ ਰੱਤੇ ਬੈਠੇ ਸਨ।

ਕੁਛ ਚਿਰ ਮਗਰੋਂ ਇੰਦਰ ਸੈਣ ਨੂੰ ਯਾਦ ਆਇਆ ਕਿ ਮੈਨੂੰ ਤਾਂ ਝੰਡਾ ਲਿਆਇਆ ਸੀ ਕਿ ਤੂੰ ਆਵੇਂ ਤਾਂ ਉਹ ਭੋਜਨ ਪਾਉਣ ਤੇ ਮੈਂ ਆ ਕੇ ਅਪਣੇ ਆਤਮ ਰਸ ਪੀਣ ਵਿਚ ਲਗ ਪਿਆ ਤੇ ਦਾਤੇ ਜੀਦੇ ਅਹਾਰ ਪਾਉਣ ਵਲ ਧਿਆਨ ਹੀ ਨਹੀਂ ਦਿਤਾ, ਤਦ ਅਧੀਨ ਹੋ ਕੇ ਬਿਨੈ ਕੀਤੀ ਕਿ ਆਪ ਹੁਣ ਕੁਛ ਅੰਗੀਕਾਰ ਕਰੋ। ਤਦੋਂ ਗੁਰੂ ਬਾਬੇ ਜੀ ਕੁਛ ਮੂੰਹ ਪਾਇਆ ਤੇ ਦੋਹਾਂ ਪ੍ਰਬੁਧ ਹੋਏ ਸੱਜਣਾਂ ਨੂੰ ਬੀ ਦਿੱਤਾ। ਉਨ੍ਹਾਂ ਬੀ ਖਾਧਾ। ਝੰਡਾ ਤਾਂ ਖਾਕੇ ਇਸ ਤਰ੍ਹਾਂ ਟਿਕਿਆ ਕਿ ਸਰੀਰ

ਦੀ ਸੁਧ ਨਾ ਰਹੀ; ਜੁੜ ਗਿਆ ਐਸਾ ਕਿ ਦੇਹ ਤੋਂ ਮਾਨੋਂ ਬੇਖ਼ਬਰ ਹੈ। ਇੰਦਰ ਸੈਣ ਬੀ ਟਿਕ ਗਿਆ, ਪਰ ਉਹ ਉਸ ਤਰ੍ਹਾਂ ਦੇਹ ਤੋਂ ਬੇਖ਼ਬਰ ਨਹੀਂ ਹੋਇਆ, ਉਂਵ ਦੋਇ ਆਤਮ ਰਸ ਵਿਚ ਮਗਨ ਹੋ ਗਏ।

ਦੋਨੋ ਬੈਠੇ ਹੋਇ ਅਡੋਲਾ।

ਸੁਖ ਆਤਮ ਕੋ ਪਾਇ ਅਮੋਲਾ। {ਨਾ: ਪ੍ਰ:}

ਤ੍ਰੈ ਪਹਿਰ ਰਾਤ ਇਸ ਤਰ੍ਹਾਂ ਬੀਤ ਗਈ। ਜਦ ਸੂਰਜ ਚੜ੍ਹਿਆ ਤਾਂ ਸਤਿਗੁਰਾਂ ਨੇ ਦੋਹਾਂ ਦੀ ਸਮਾਧਿ ਖੁਲ੍ਹਾਈ ਤੇ ਖੁਸ਼ੀ ਕੀਤੀ।

੫.

ਸ਼ਹਿਰ ਵਿਚ ਧੁੰਮ ਪੈ ਗਈ ਕਿ ਕੋਈ ਤਪਾ ਆਇਆ ਹੈ ਜਿਸ ਨੇ ਰਾਜੇ ਸੁਧਰ ਸੈਣ ਦੇ ਭਣੇਵੇਂ ਇੰਦਰ ਸੈਣ ਨੂੰ ਜੀਵਨ ਮੁਕਤ ਕੀਤਾ ਹੈ ਅਤੇ ਜਿਸ ਨੇ ਝੰਡੇ ਨੂੰ ਜੀਅਦਾਨ ਦਿੱਤਾ ਹੈ ਤੇ ਉਹ ਦੋਵੇਂ ਵਡੇ ਸਾਧੂ ਤੇ ਸਾਧਨਾਂ ਕਰਨ ਵਾਲੇ ਉਸ ਨੂੰ ਅਰਸ਼ੀ ਸਤਿਗੁਰ ਮੰਨ ਗਏ ਹਨ, ਤਦੋਂ ਲੱਗੇ ਸ਼ਹਿਰ ਤੇ ਲਾਗ ਲਾਗ ਦੇ ਲੋਕੀਂ ਆਉਣ। ਸਤਿਗੁਰੂ ਜੀ ਬੀ ਲਗੇ ਨਾਮ ਦਾ ਦਾਨ ਬਖਸ਼ਣ। ਇਸ ਤਰ੍ਹਾਂ ਦੂਰ ਨੇੜੇ ਤੋਂ ਆ ਆ ਕੇ ਲੋਕੀਂ ਤਰੇ। ਸੰਗਤ ਬਣ ਗਈ। ਝੰਡੇ ਦੇ ਘਰ ਸੰਗਤ ਦੇ ਪ੍ਰਵਾਹ ਟੁਰੇ ਰਹਿਣ, ਲੰਗਰ ਲਗਾ ਰਹੇ ਤੇ ਜਗਤ ਰੱਖਿਆ ਦਾ ਕਾਰਜ ਹੁੰਦਾ ਰਹੇ।

ਹੁੰਦੇ ਹੁੰਦੇ ਇਹ ਖ਼ਬਰ ਰਾਜਾ ਸੁਧਰ ਸੈਣ ਨੂੰ ਪਹੁੰਚੀ। ਨਵਾਂ ਸ਼ਾਕਤਕ ਜੋਗੀ, ਜੋ ਰਿਧੀਆਂ ਸਿੱਧੀਆਂ, ਟੂਣੇ ਟਾਮਣ ਕਰਦਾ ਸੀ ਤੇ ਵਜ਼ੀਰ ਦੇ ਘਰ ਵਿਚ ਕੁਛ ਸਤਿਕਾਰ ਰਖਦਾ ਸੀ, ਵਜ਼ੀਰ ਦੇ ਰਸਤੇ ਰਾਜਾ ਜੀ ਨੂੰ ਕੁਛ ਵਿਚਲਾਉਣ ਲਗਾ। ਰਾਜੇ ਨੇ ਬੀ ਸੁਣਕੇ ਅਚਰਜ ਮੰਨਿਆਂ, ਚਿੱਤ ਵਿਚ ਕਈ ਤ੍ਰੰਗ ਲੰਘੇ, ਪਰ ਸੀ ਵਿਚਾਰਵਾਨ, ਸੋਚਣ ਲਗਾ ਕਿ ਇੰਦਰ ਸੈਣ ਮੇਰਾ ਭਣੇਵਾਂ ਭੁੱਲਣ ਵਾਲਾ ਨਹੀਂ, ਉਸ ਨੂੰ ਧਰਮ ਦੀ ਸਾਰੀ ਸੋਝੀ ਹੈ ਤੇ ਛੋਟੀ ਉਮਰਾ ਤੋਂ ਅਗਮ ਨਿਗਮ ਦੇ ਪਤੇ ਲਾਉਂਦਾ ਹੈ, ਉਸਨੇ ਕੁਛ ਸ਼ਕਤੀ ਜ਼ਰੂਰ ਵੇਖੀ ਹੋਊ। ਇਹ ਵਿਚਾਰ ਕੇ ਉਸ ਨੇ ਆਦਮੀ ਘੱਲਿਆ ਕਿ ਝੰਡੇ ਦੇ ਘਰ ਜਾਓ ਤੇ ਜਿਸ ਨੂੰ ਉਸ ਨੇ ਗੁਰੂ ਬਣਾਇਆ ਹੈ ਉਸ ਨੂੰ ਲੈ ਆਓ।

ਉਸ ਆਦਮੀ ਨੇ ਆਕੇ ਜਦ ਰਾਜੇ ਦਾ ਸੰਦੇਸਾ ਦਿੱਤਾ ਤਾਂ ਇੰਦਰ ਸੈਣ ਉੱਥੇ ਹੀ ਸੀ, ਆਖਣ ਲੱਗਾ;— ਤੂੰ ਜਾ, ਮੈਂ ਆਪ ਰਾਜਾ ਜੀ ਪਾਸ ਆਕੇ ਸਾਰੀ ਗੱਲ ਬਾਤ ਕਰਦਾ ਹਾਂ।

ਸਤਿਗੁਰ ਜੀ ਨੇ ਇੰਦਰ ਸੈਣ ਵਲ ਤੱਕ ਕੇ ਕਿਹਾ: ਪੁਰਖਾ! ਕਾਸਨੂੰ ਜਾਂਦਾ ਹੈਂ? ਕਰਤਾਰ ਦੀ ਰਜ਼ਾ ਵਲ ਵੇਖ, ਜੋ ਕਰੇਗਾ ਸੋ ਭਲਾ ਕਰੇਗਾ, ਭੈ ਕਿਸਦਾ ਤੇ ਜਾਣਾ ਕਿਸ ਕੋਲ?

ਤਦ ਇੰਦਰ ਸੈਣ ਨੇ ਹੱਥ ਜੋੜ ਕੇ ਕਿਹਾ ਕਿ ਮਾਲਕ ਜੀਉ! ਰਾਜਾ ਮੇਰਾ ਮਾਮਾ ਹੈ ਸੱਕਾ ਤੇ ਉਹ ਨੇਕ ਰਾਜਾ ਹੈ, ਧਰਮ ਪਾਲਦਾ ਹੈ, ਪ੍ਰਜਾ ਦਾ ਨਿਆਈਂ

ਹੈ, ਸਤਿਸੰਗ ਬੀ ਕਰਦਾ ਹੈ, ਉਸ ਪਰ ਆਪ ਦੀ ਮਿਹਰ ਚਾਹੀਏ। ਇਹ ਕਿਸੇ ਨੇ ਰਾਜੇ ਨੂੰ ਕੋਈ ਉਲਟ ਪੁਲਟ ਗੱਲਾਂ ਦੱਸੀਆਂ ਹਨ, ਇਸ ਕਰਕੇ ਮੇਰਾ ਚਿੱਤ ਹੈ ਕਿ ਮੈਂ ਜਾਵਾਂ, ਰਾਜੇ ਨੂੰ ਦੱਸਾਂ, ਸੱਚ ਦੀ ਸੋਝੀ ਨਾਲ ਉਹ ਜਾਗੇ ਤੇ ਆਪ ਟੁਰਕੇ ਚਰਨਾਂ ਵਿਚ ਆਵੇ! ਜਿਵੇਂ ਅਸਾਂ ਤੇ ਮਿਹਰ ਹੋਈ ਹੈ, ਆਪ ਦੀ ਮਿਹਰ ਉਸ ਪਰ ਬੀ ਹੋਵੇ: ਸਾਡਾ ਪਰਵਾਰ ਤੇ ਦੇਸ਼ ਸੁਖੀ ਵੱਸੇ।

ਤਦ ਸ੍ਰੀ ਗੁਰੂ ਜੀ ਨੇ ਫੁਰਮਾਇਆ— ਜਾਓ ਸਾਂਈਂ ਭਲਾ ਕਰੇ।

ਤਦ ਇੰਦਰ ਸੈਨ ਉਠਕੇ ਰਾਜੇ ਪਾਸ ਗਿਆ ਤੇ ਆਪਣੀ ਤੇ ਝੰਡੇ ਦੀ ਸਾਰੀ ਹਡਬੀਤੀ ਰਾਜੇ ਨੂੰ ਸੁਣਾਈ, ਜਿਵੇਂ ਉਪਦੇਸ਼ ਹੋਇਆ ਸੀ ਸਾਰਾ ਸੁਣਾਇਆ, ਜਿਵੇਂ ਮਿਹਰ ਦੀ ਦ੍ਰਿਸ਼ਟਿ ਨਾਲ ਦੋਹਾਂ ਨੂੰ ਅਨੰਤ ਦੀ ਛੁਹ ਮਿਲੀ ਸੀ ਸੋ ਸਾਰੀ ਵਿਥਿਆ ਦੱਸੀ।

ਰਾਜਾ ਜਿਉਂ ਜਿਉਂ ਸੁਣਦਾ ਗਿਆ ਤਿਉਂ ਤਿਉਂ ਪ੍ਰੇਮ ਵਿਚ ਭਿਜਦਾ ਗਿਆ, ਸਰੀਰ ਪਰ ਪੁਲਕਾਵਲੀ ਆ ਗਈ ਤੇ ਨੈਣ ਭਰ ਕੇ ਆਖਣ ਲੱਗਾ— ਮੈਨੂੰ ਬੀ ਦਰਸ਼ਨ ਕਰਾਓ ਉਸ ਜਯੋਤਿ ਨਿਰੰਜਨੀ ਦੇ ਜੋ ਮੈਂ ਬੀ ਨਿਸਤਾਰਾ ਪਾਵਾਂ। ਜਿਸ ਦੀ ਇਤਨੀ ਮਹਿਮਾ ਤੁਸਾਂ ਕੀਤੀ ਹੈ, ਜਿਸ ਦਾ ਚਰਚਾ ਘਰ ਘਰ ਹੈ, ਜਿਸ ਦਾ ਨਾਉਂ ਤੇ ਉਪਦੇਸ਼ ਸੁਣਕੇ ਖਿਚ ਪੈਂਦੀ ਹੈ ਤੇ ਪਿਆਰ ਜਾਗਦਾ ਹੈ, ਬੇਟਾ ਜੀਓ! ਮੈਨੂੰ ਬੀ ਦਰਸਨ ਕਰਾਓ।

ਇੰਦਰ ਸੈਣ— ਮਹਾਰਾਜ ਜੀ! ਫਿਰ ਮਨ ਨੂੰ, ਜੋ ਪਿਆਰ ਵਿਚ ਆਇਆ ਹੈ, ਪਿਆਰ ਵਿਚ ਭਰਿਆ ਹੀ ਲੈ ਚੱਲੋ, ਆਪ ਟੁਰਕੇ ਚੱਲੋ, ਭੇਟਾ ਨਾਲ ਲੈ ਚਲੋ, ਨਿੰਮ੍ਰ ਹੋ ਕੇ ਸ਼ਰਨ ਗਹੋ, ਤਦ ਜੀਵਨ ਰਸ ਲਹੋ।

ਭਣੇਵੇ ਦੀ ਸਿੱਖਿਆ ਮੰਨਕੇ ਸੁਧਰ ਸੈਣ ਰਾਜਾ ਹੋ ਕੇ ਰਾਜ ਮਦ ਤਿਆਗਕੇ ਗੁਰੂ ਜੀ ਦੇ ਦਰਸ਼ਨਾਂ ਲਈ ਝੰਡੇ ਦੇ ਘਰ ਟੁਰ ਕੇ ਆਇਆ:

ਪਗ ਨੰਗੇ ਮਨ ਦੀਨ ਹ੍ਵੈ,
ਪ੍ਰੇਮ ਸੰਗ ਤਿਹ ਆਨ।
ਕਰ ਬੰਦੇ ਬੰਦਨ ਕਰੀ,
ਧਰ ਪਰ ਦੰਡ ਸਮਾਨ।
ਕਰ ਅਸ਼ਟਾਂਗ ਚਰਨ ਅਨੁਰਾਗਾ।
ਪਰਜੋ ਰਹਜੋ ਉਠਤ ਨ ਬਡਭਾਗਾ।
{ਨਾ: ਪ੍ਰ:}

ਰਾਜੇ ਦੀ ਨਿੰਮ੍ਰਤਾ ਤੇ ਪ੍ਰੇਮ ਦੇਖਕੇ ਸਤਿਗੁਰ ਜੀ ਨੇ ਪਿੱਠ ਤੇ ਥਾਪੀ ਦਿੱਤੀ ਤੇ ਨਾਮ ਦਾਨ ਬਖਸ਼ਿਆ। ਰਾਜੇ ਦੇ ਅੰਦਰ ਸੁਖ ਤੇ ਠੰਢ ਆਈ। ਨਾਮ ਦੇ ਰੰਗ ਨੇ ਰੱਬੀ ਚਾਉ ਭਰ ਦਿੱਤਾ, ਚਰਨਾਂ ਨੂੰ ਪਰਸਦਾ ਹੈ, ਨੈਣ ਭਰਦਾ ਹੈ ਤੇ ਸ਼ੁਕਰ

ਸ਼ੁਕਰ ਕਰਦਾ ਹੈ। ਦਰਸ਼ਨ ਕਰਦਾ ਰੱਜਦਾ ਨਹੀਂ। ਅੰਤ ਸਤਿਗੁਰਾਂ ਦੇ ਹਜ਼ੂਰ ਅਰਦਾਸ ਕਰਕੇ ਉਹਨਾਂ ਨੂੰ ਆਪਣੇ ਘਰ ਲੈ ਗਿਆ, ਬਹੁਤ ਆਦਰ ਤੇ ਭਾਉ ਕਰਕੇ ਸੇਵ ਕਮਾਈ। ਸੰਗਤ ਬੀ ਉੱਥੇ ਆਵੇ, ਝੰਡਾ ਬੀ ਸੇਵਾ ਵਿਚ ਰਹੇ ਤੇ ਇੰਦਰ ਸੈਣ ਬੀ ਰਹੇ। ਅੰਮ੍ਰਿਤ ਵੇਲੇ ਕੀਰਤਨ ਹੋਵੇ, ਸੰਝਾਂ ਸਮੇਂ ਫੇਰ ਕੀਰਤਨ ਹੋਵੇ, ਦਿਨ ਭਰ ਸਤਿਸੰਗ ਹੋਵੇ ਤੇ ਨਾਮ ਦਾ ਪਰਵਾਹ ਚੱਲੇ। ਕੋਈ ਮਹੀਨਾ ਭਰ ਮਾਲਿਕ ਜੀ, ਗੁਰੂ ਦਾਤਾ ਜੀ ਰਾਜਾ ਦੇ ਅਧਿਕ ਪ੍ਰੇਮ ਕਰਕੇ ਉਸ ਦੇ ਪਾਸ ਰਹੇ। ਅੰਤ ਉਹ ਸਮਾਂ ਆ ਗਿਆ ਜਦੋਂ ਉਪਕਾਰੀ ਸਤਿਗੁਰੂ ਜੀ ਨੇ ਹੋਰ ਪਾਸੇ ਆਪਣਾ ਨੂਰ ਲਾਕੇ ਤਾਰਨ ਦਾ ਸੰਕਲਪ ਕੀਤਾ, ਤਾਂ ਰਾਜਾ ਬਿਹਬਲ ਹੋ ਗਿਆ, ਰੋ ਰੋ ਕੇ ਬੇਨਤੀਆਂ ਕਰਕੇ ਕਹਿਣ ਲੱਗਾ, ਹੇ ਮਾਲਿਕ ਜੀਓ!

'ਗਜ ਬਾਜੀ, ਸਭ ਰਾਜ ਸਮਾਜਾ।
'ਨਿਜ ਕਰ ਝੰਡੇ ਕੋ ਦਿਹੁ ਆਜਾ।
'ਮੋ ਕੋ ਲੇਹੁ ਆਪਨੇ ਸਾਥਾ।
ਰਹਿ ਨ ਸਕੌਂ ਤੁਮ ਬਿਨ ਜਗ ਨਾਥਾ।
'ਮੀਨ ਨੀਰ ਗਤਿ ਸ੍ਰੀ ਪ੍ਰਭੁ ਸੰਗਾ।
ਅਸ ਕਹਿਤਜੋ ਓਰ ਪ੍ਰੇਮ ਉਮੰਗਾ।
ਪੁਲਕਾਵਲਿ ਤਨ ਗਦਗਦ ਬਾਨੀ।
ਤਿਹ ਛਿਨ ਨ੍ਰਿਪ ਕੀ ਗਤਿ ਬਿਕੁਲਾਨੀ।
ਦੇਖ ਪ੍ਰੀਤ ਅਸ ਉਰ ਕੀ ਸਾਚੀ।
ਸ੍ਰੀ ਨਾਨਕ ਜੀ ਗਿਰਾ ਉਬਾਚੀ
'ਧਰਹੁ ਧਯਾਨ ਨਿਤ ਉਰ ਅਵਨੀਪਾ!
'ਮੈਂ ਹੌਂ ਤੁਮਰੇ ਸਦਾ ਸਮੀਪਾ।
'ਸੁਚ ਸੌਂ ਪੰਚਾਂਮ੍ਰਿਤ ਕਰਿਵਾਵਹੁ।
'ਟਕਾ ਰਾਖਿ ਅਰਦਾਸ ਅਲਾਵਹੁ।
'ਹਾਜ਼ਰ ਹੋਵੌਂ ਆਨ ਤਬ ਕਰੌਂ ਕਾਮਨਾ ਪੂਰ।'
ਅਸ ਕਹਿ ਬਹੁਧੀਰਜ ਦਯੋ ਭੂਪਤ ਕੋ ਜਗਮੂਰ

ਫਿਰ ਰਾਜਾ ਨੂੰ ਆਪ ਨੇ ਵਰ ਦਿੱਤਾ ਕਿ ਸਤਾਰਾਂ ਰਾਜੇ ਤੇਰੇ ਆਲੇ ਦੁਆਲੇ ਰਹਿੰਦੇ ਹਨ, ਓਹ ਸਭ ਤੇਰੀ ਸ਼ਰਨ ਆ ਜਾਣਗੇ, ਤੇਰਾ ਰਾਜ ਵਧੇਗਾ, ਪਰ ਤੂੰ ਧਰਮ ਕਰਨਾ ਹੈ!

ਫਿਰ ਆਪ ਨੇ ਇੰਦਰ ਸੈਣ ਨੂੰ ਮੰਜੀ ਦੇਣੀ ਚਾਹੀ, ਕਿਉਂਕਿ ਸੰਗਤ ਬਹੁਤ ਹੋ ਗਈ ਸੀ ਤੇ ਇਕ ਐਸੇ ਗੁਰਮੁਖ ਦੀ ਲੋੜ ਸੀ ਕਿ ਜੋ ਸੰਗਤ ਦੀ ਅਗੁਵਾਨੀ ਕਰੇ ਤੇ ਸੱਚੇ ਨਾਮ ਦਾ ਪ੍ਰਵਾਹ ਜਾਰੀ ਰਹੇ। ਪਰ ਇੰਦਰ ਸੈਣ ਨੇ ਹੱਥ ਜੋੜਕੇ ਅਰਦਾਸ

ਕੀਤੀ ਕਿ 'ਆਪ ਇਹ ਪਦਵੀ ਝੰਡੇ ਨੂੰ ਬਖਸ਼ੋ, ਇਹ ਭਾਰਾ ਕੰਮ ਉਹ ਗੁਰਮੁਖ ਹੀ ਕਰ ਸਕੇਗਾ। ਮੈਨੂੰ ਵਰ ਦਾਨ ਦਿਓ ਕਿ ਮੈਂ ਨਾਮ ਰੰਗ ਵਿਚ ਰਹਾਂ, ਸਾਧ ਸੰਗਤ ਦੀ ਸੇਵਾ ਕਰਾਂ ਤੇ ਝੰਡੇ ਨਾਲ ਮੇਰੀ ਨਿਭ ਆਵੇ।' ਸਤਿਗੁਰ ਜੀ ਬੜੇ ਪ੍ਰਸੰਨ ਹੋਏ ਤੇ ਮੰਜੀ ਝੰਡੇ ਨੂੰ ਬਖ਼ਸ਼ੀ। ਰਾਜੇ ਨੂੰ ਬੀ ਤਾਕੀਦ ਕੀਤੀ ਕਿ ਤੂੰ ਵਧੇਂਗਾ, ਫਲੇਂ ਫੂਲੇਂਗਾ, ਪਰ ਝੰਡੇ ਦਾ ਸਦਾ ਸਨਮਾਨ ਰੱਖਣਾ, ਇਸ ਨੂੰ ਅਸਾਂ ਗੁਰਮੁਖ ਪਦ ਬਖਸ਼ਿਆ ਹੈ। ਰਾਜੇ ਤੇ ਇੰਦਰ ਸੈਣ ਅਤੇ ਸਾਰੀ ਸੰਗਤ ਨੇ ਸੀਸ ਨਿਵਾਇਆ। ਬਖਸ਼ਿੰਦ ਤੇ ਤਾਰਨਹਾਰ ਦਾਤੇ ਨੇ ਸਭ ਤੋਂ ਵਿਦਾ ਲਈ ਤੇ ਅੱਗੇ ਨੂੰ ਟੁਰ ਪਏ।

ਸੂਚਨਾ— ਝੰਡੇ ਦੀ ਵਾਰਤਾ ਪੁਰਾਤਨ ਜਨਮਸਾਖੀ ਵਿਚ ਬਿਸੀਅਰ ਦੇਸ਼ ਦੀ ਲਿਖੀ ਹੈ, ਝੰਡੇ ਨੂੰ ਮੰਜੀ ਉੱਥੇ ਮਿਲੀ ਦੱਸੀ ਹੈ। ਨਗਰ ਦਾ ਨਾਮ ਛੁਟਘਾਟਕਾ ਦਿੱਤਾ ਹੈ, ਜੋ, ਜੈਸਾ ਕਿ ਅਸੀਂ ਪਿੱਛੇ ਦੱਸ ਆਏ ਹਾਂ, ਚਿਟਾ ਗਾਉਂ ਯਾ ਚਿਟਾ ਗਾਂਗ ਦਾ ਵਿਗੜਿਆ ਨਾਮ ਜਾਪਦਾ ਹੈ।ਅੱਗੇ ਚੱਲਕੇ ਸੂਰਨ ਪੁਰ ਦਾ ਜ਼ਿਕਰ ਹੈ, ਉਹ ਸੋਨ ਦੀਪ ਦਾ ਨਾਉਂ ਹੀ ਜਾਪਦਾ ਹੈ। ਇਹ ਦੀਪ ਬ੍ਰਹਮ ਪੁੱਤ੍ਰਾ ਦੇ ਇਕ ਮੁਹਾਣੇ ਤੋਂ ਪੂਰਬ ਰੁਖ਼ ਸਮੁੰਦਰ ਵਿਚ ਹੈ, ਚਿਟਾ ਗਾਉਂ ਤੋਂ ਹੇਠਾਂ ਵਾਰ ਹੈ। ਇਸ ਤੋਂ ਜਾਪਦਾ ਹੈ ਕਿ ਖੋਜ ਕੀਤਿਆਂ ਇਹ ਟਿਕਾਣਾ ਇਸ ਪਾਸੇ ਵਲ ਲੱਭੇਗਾ। ਕਈ ਸਿਆਣਿਆਂ ਨੇ, ਜੋ ਬਿਸੀਅਰ ਦੇਸ਼ ਨੂੰ ਰਾਮ ਪੁਰ ਬੁਸ਼ਾਇਰ ਸਮਝਿਆ ਹੈ ਯਾ ਈਰਾਨ ਦਾ ਬੁਸ਼ਹਿਰ ਖਿਆਲ ਕੀਤਾ ਹੈ, ਉਹ ਠੀਕ ਨਹੀਂ ਜਾਪਦਾ, ਤਵਾਰੀਖ ਖਾਲਸਾ ਨੇ ਮਨੀ ਪੁਰ ਦੀ ਤਦੋਂ ਰਾਜਧਾਨੀ ਅਸੀਮਫਲ ਨੂੰ ਇਹ ਥਾਂ ਲਿਖਿਆ ਹੈ, ਇਹ ਬੀ ਆਸਾਮ ਤੋਂ ਅੱਗੇ ਹੇਠਲੇ ਪਾਸੇ ਵੱਲ ਹੈ।

ਭਾਈ ਸਾਹਿਬ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆਂ ਪਾਸ ਇਕ ਸੌ ਕੁ ਬਰਸ ਦੀ ਪੁਰਾਣੀ ਪ੍ਰਾਣ ਸੰਗਲੀ ਲਿਖਤ ਦੀ ਹੈ, ਇਸ ਵਿਚ ਲਿਖਾਰੀ ਜੀ ਨੇ ਇਹ ਇਬਾਰਤ ਲਿਖੀ ਹੈ:—

"ਲਿਖਤ ਪ੍ਰਾਣ ਸੰਗਲੀ ਬਾਬਾ ਕਾ ਬੋਲਣਾ ਸੇਤ ਬੰਦ ਰਾਮੇਸ੍ਵਰ ਬਸ਼ਹਿਰ ਦੇਸ਼ ਨਗਰ ਛਾਟੇ ਘੰਟਕਾ ਰਾਜੇ ਸ਼ਿਵਨਾਭ ਪਾਸਹੁ ਪੈੜਾ ਮੋਖਾ ਲੈ ਆਇਆ, ਤਦ ਬਾਬਾ ਪਉਣ ਅਹਾਰੀ ਥਾ ਝੰਡਾ ਬਾਢੀ ਸਾਥ ਥਾ। ਝੰਡੇ ਬਾਢੀ ਕਉ ਪ੍ਰਾਪਤ ਹੋਈ, ਤਿਸਕੀ ਮੰਜੀ ਬਿਸਹਰ ਦੇਸ ਮੇਂ ਹੈ, ਉਥੇ ਝੰਡੇ ਬਾਢੀ ਕਉ ਕਿਰਪਾ ਹੋਈ। ਚਉਦਹ ਸਇ ਸਹਿਰ ਉਸ ਕੀ ਪੈਰੀ ਪੜਤਾ ਹੈ, ਪੰਜ ਮਣ ਲੂਣ ਤਿਸਕੇ ਲੰਗਰ ਲਗਤਾ ਹੈ।"

ਇਸ ਤੋਂ ਪਤਾ ਚੱਲਿਆ ਕਿ ਬਸ਼ਹਿਰ ਦੇਸ ਤੇ ਨਗਰ ਛਾਟੇ ਘੰਟਕਾ ਦੱਖਣ ਦੇ ਅਖੀਰ ਸੇਤਬੰਦ ਰਾਮੇਸ੍ਵਰ ਦੇ ਕਿਤੇ ਨੇੜੇ ਹੈ। ਸੋ ਇਸ ਲਿੱਖਤ ਤੋਂ ਖੋਜਕ ਲਈ ਇਕ ਹੋਰ ਟੋਹ ਇਸ ਟਿਕਾਣੇ ਦੇ ਲੱਭਣ ਦੀ ਮਿਲ ਗਈ, ਪਰ ਇਹ ਥਹੁ ਨਹੀਂ ਕਿ ਇਸ ਲੇਖਕ ਨੇ ਖੋਜ ਕਰਕੇ ਲਿਖਿਆ ਹੈ ਕਿ ਐਵੇਂ:—

ਇਹ ਪੋਥੀ ਪ੍ਰਾਣ ਸੰਗਲੀ ੧੮੯੨ ਦੀ ਲਿਖੀ ਹੋਈ ਹੈ ਤੇ ਲਿਖਾਰੀ ਦੱਸਦਾ ਹੈ ਕਿ ਮੈਂ ਬੁੰਦੇਲ ਖੰਡ ਦੇ ਕਾਲਪੀ ਸ਼ਹਿਰ ਵਿਚ ਬਾਬਾ ਬ੍ਰਹਮ ਗਣੇਸ਼ ਦੀ ਧਰਮਸਾਲ ਵਿਚ ਬਹਿ ਕੇ ਲਿਖੀ ਹੈ। । ਹੋ ਸਕਦਾ ਹੈ ਕਿ ਇਸ ਧਰਮਸਾਲਾ ਵਿਚੋਂ ਬਸ਼ਹਿਰ ਦੇਸ਼ ਦਾ ਕੋਈ ਥਹੁ ਪਤਾ ਵੀ ਮਿਲ ਸਕੇ।

੨. ਬਾਲੇ ਵਾਲੀ ਜਨਮ ਸਾਖੀ ਵਿਚ ਝੰਡੇ ਦੀ ਇਕ ਹੋਰ ਸਾਖੀ ਬੀ ਹੈ, ਉੱਥੇ ਬੀ ਬਾਢੀ ਝੰਡਾ ਤੇ ਬਿਸਿਆਰ ਦੇਸ ਲਿਖਿਆ ਹੈ। ਸਾਖੀ ਓਹੋ ਹੈ ਜਿਸ ਦਾ ਗਿਆਨੀ ਲੋਕ "ਸੁਖੀ ਬਸੈ ਮਸਕੀਨੀਆਂ" ਦੇ ਅਰਥ ਵੇਲੇ ਦ੍ਰਿਸ਼ਟਾਂਤ ਦਿਆ ਕਰਦੇ ਹਨ। ਇਸ ਜਨਮ ਸਾਖੀ ਵਾਲਾ ਲਿਖਦਾ ਹੈ ਕਿ ਝੰਡੇ ਨੇ ਗੁਰੂ ਜੀ ਦੇ ਪ੍ਰਸਾਦਿ ਵਾਸਤੇ ਰਾਜੇ ਦੇ ਮੱਲ ਨਾਲ ਘੋਲ ਕਰਨਾ ਚਾਹਿਆ। ਮੱਲ ਨੇ ਡਿੱਠਾ ਕਿ ਇਹ ਤਾਂ ਕਮਜ਼ੋਰ ਤੇ ਅਨਾੜੀ ਹੈ, ਮੇਰੀ ਇਕ ਉਖੇੜ ਨਾਲ ਮਰ ਜਾਏਗਾ, ਤਾਂ ਉਸ ਤੋਂ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਮੈਂ ਤਾ ਸੰਤ ਸੇਵਾ ਲਈ ਆਇਆ ਹਾਂ ਕਿ ਜੇ ਮੈਂ ਹਾਰ ਗਿਆ ਤਦ ਬੀ ਕੁਛ ਮਾਇਆ ਤਾਂ ਮਿਲੇਗੀ ਹੀ। ਇਹ ਸੁਣਕੇ ਪਹਿਲਵਾਨ ਨੂੰ ਪ੍ਰੇਮ ਹੋ ਆਇਆ ਤੇ ਜਾਣਕੇ ਢਹਿ ਪਿਆ ਜੋ ਝੰਡੇ ਨੂੰ ਜਿੱਤ ਦਾ ਇਨਾਮ ਮਿਲ ਜਾਵੇ। ਗੁਰੂ ਜੀ ਨੇ ਝੰਡੇ ਤੇ ਮੱਲ ਦੋਹਾਂ ਨੂੰ ਤਾਰਿਆ।

ਪਰੰਤੂ ਜਾਪਦਾ ਹੈ ਕਿ ਇਹ ਸਾਖੀ ਲਿਖਣ ਵੇਲੇ ਕਰਤਾ ਭੁੱਲ ਗਿਆ ਹੈ ਕਿ ਮੈਂ ਪਿੱਛੇ ਝੰਡੇ ਦੀ ਸਾਖੀ ਲਿਖ ਆਇਆ ਹਾਂ ਤੇ ਗੁਰੂ ਜੀ ਉਸ ਨੂੰ ਮੰਜੀ ਬਖਸ਼ ਚੁਕੇ ਹਨ। ਹੋ ਸਕਦਾ ਹੈ ਕਿ ਇਹ ਸਾਖੀ ਗੁਰੂ ਜੀ ਦੇ ਮਿਲਾਪ ਤੋਂ ਪਹਿਲਾਂ ਕਿਸੇ ਹੋਰਸ ਸੰਤ ਦੀ ਸੇਵਾ ਵਿਚ ਯਾ ਗੁਰੂ ਜੀ ਦੇ ਮਿਲਾਪ ਵੇਲੇ ਵਰਤੀ ਹੋਵੇ।

ਘਰ ਛੱਡਣ ਦੀ ਲੋੜ ਨਹੀਂ

(ਰਾਗ ਭੈਰਵੀ, ਤਾਲ-3)

ਮੈਂ ਪੁਛਿਆ ਬਾਹਮਣ ਪਾਂਧੇ ਨੂੰ
ਤੇ ਪੰਡਤ ਕਾਂਸ਼ੀ ਜਾਂਦੇ ਨੂੰ,
ਸੰਨਿਆਸੀ ਦੇਸ਼ ਫਿਰਾਂਦੇ ਨੂੰ,
'ਸ਼ਹੁ ਕਿਸ ਬਿਧਿ ਢੂੰਡ ਲਭਾਈਦਾ?'
ਓਹ ਕਹਿੰਦੇ: 'ਜੰਗਲ ਜਾਈਦਾ।'

ਮੈਂ ਪੁਛਿਆ ਮੁੱਲਾਂ ਦਾਨੇ ਨੂੰ
ਤੇ ਕਾਜ਼ੀ ਵਡੇ ਸਿਆਨੇ ਨੂੰ,
ਇਕ ਸੂਫ਼ੀ ਸੂਫ਼ ਹੰਢਾਨੇ ਨੂੰ,
'ਸ਼ਹੁ ਕਿਸ ਬਿਧਿ ਦੱਸੋ ਪਾਈਦਾ?
ਓਹ ਕਹਿੰਦੇ: 'ਜੰਗਲ ਜਾਈਦਾ।'

ਮੈਂ ਜੰਗਲ ਡੇਰਾ ਲਾਯਾ ਸੀ,
ਬਹਿ ਨਦੀਆਂ ਜੁੱਗ ਲੰਘਾਯਾ ਸੀ,
ਨਹੀਂ ਆਦਮ ਜ਼ਾਤਿ ਤਕਾਯਾ ਸੀ,
ਸੀ ਵਜਾਕੁਲ ਹੋ ਹੋ ਜਾਈਦਾ,
ਨਹੀਂ ਪਜਾਰਾ ਇਸ ਬਿਧਿ ਪਾਈਦਾ।

ਮੈਂ ਮੁੜਕੇ ਭਾਲ ਕਰਾਈ ਸੀ,
ਕੁਲ ਦੁਨੀਆਂ ਹੰਢ ਤਕਾਈ ਸੀ,
ਸਭ ਖ਼ਲਕਤ ਪੁੱਛ ਦਸਾਈ ਸੀ,
'ਸ਼ਹੁ ਕਿਸ ਬਿਧਿ ਦੱਸੋ ਪਾਈਦਾ?
ਸਭ ਕਹਿੰਦੇ: 'ਜੰਗਲ ਜਾਈਦਾ।'

ਵਿਚ ਜੰਗਲ ਜੰਗਲ ਖਾਂਦਾ ਹੈ,
ਦਿਲ ਚੋਰ ਨਾਲ ਹੀ ਜਾਂਦਾ,
ਨਹੀਂ 'ਪੜਦਾ-ਅਕਲ' ਨਸਾਂਦਾ ਹੈ,
ਜਿਹੇ ਜਾਵੇ ਤਿਹੇ ਰਹਾਈ ਦਾ,
ਕੁਛ ਹੋਰ ਨਹੀਂ ਬਣ ਜਾਈਦਾ।

ਇਉਂ ਹੁੱਟੀ ਹੁਟਕੇ ਥੱਕੀ ਨੂੰ
ਤੇ ਸਾਧਨ ਕਰਨੋਂ ਅੱਕੀ ਨੂੰ,
ਵਿਚੁਂ ਧੁਖਦੀ ਉਤੋਂ ਢੱਕੀ ਨੂੰ,
ਜਦ ਆਸ ਤੋੜ ਜੀ ਢਾਈਦਾ,
ਗੁਰ ਨਾਨਕ ਦਰਸ਼ਨ ਪਾਈਦਾ।

ਇਕ ਝਲਕਾ ਮਿਲਜਾ ਅਚਾਨਕ ਦਾ
ਦੁਖ ਮਿਟਿਆ ਰਾਹ ਭਿਆਨਕ ਦਾ
ਫੇਰ ਹੁਕਮ ਮਿਲਜਾ ਗੁਰ ਨਾਨਕ ਦਾ:-
'ਘਰ ਜੰਗਲ ਆਪ ਬਨਾਈਦਾ,
ਨਹੀਂ ਵਿੱਚ ਬਨਾਂ ਦੇ ਧਾਈ ਦਾ।'

'ਜਦ ਸੁੱਤਾ ਟੱਬਰ ਰਾਤ ਪਿਆ,
ਘਰ ਜੰਗਲ ਤਦ ਹੋ ਸਾਫ਼ ਗਿਆ,
'ਚੁੱਪ ਸ਼ਾਂਤਿ ਇਕਾਂਤ ਚੁਫ਼ੇਰ ਥਿਆ
ਨਹੀਂ ਸੁੱਤਿਆਂ ਸਮਾਂ ਗੁਆਈ ਦਾ
'ਸ਼ਹੁ ਮਿਲੇ ਜਿ ਜਾਗ ਧਿਆਈ ਦਾ।

'ਸ਼ਹੁ ਪਾਈਏ ਯਾਦ ਕਰਾਈਏ ਜੇ
ਕਰ ਪਜਾਰ ਨ ਦਿਲੋਂ ਭੁਲਾਈਏ ਜੇ,
'ਲਿਵ ਡੋਰੀ ਪੱਕ ਬਨ੍ਹਾਈਏ ਜੇ
ਉਹ ਪਜਾਰ ਕੀਤਿਆਂ ਪਾਈਦਾ।
ਬਿਨ ਪ੍ਰੇਮ ਹੱਥ ਨਹੀਂ ਆਈਦਾ।

'ਜਦ ਲਿਵ ਦੀ ਤਾਰ ਬਨ੍ਹਾਂਦੀ ਹੈ
ਜਿੰਦ ਸ਼ਹੁ ਦੇ ਵਿੱਚ ਸਮਾਂਦੀ ਹੈ
'ਸੁਖ ਵਸਲ ਪੀਆ ਦਾ ਪਾਂਦੀ ਹੈ
ਤਦ ਘਰ ਬੈਠੇ ਹੀ ਪਾਈਦਾ।
'ਘਰ ਬਨ ਦੇ ਤੁੱਲ ਬਨਾਈ ਦਾ।'

ਮੈਂ ਸਦਕੇ ਸਤਿਗੁਰ ਪਜਾਰੇ ਤੋਂ
ਗੁਰ ਨਾਨਕ ਮੇਲਣਹਾਰੇ ਤੋਂ
ਉਸ ਪ੍ਰੀਤਮ ਆਪ ਸੁਆਰੇ ਤੋਂ
ਜਿਸ ਮਿਲਿਆਂ ਭਵ ਤਰ ਜਾਈਦਾ!
ਮਿਲ, ਵਿਛੁੜ ਨ ਜਿਸ ਤੋਂ ਜਾਈਦਾ।

(ਕੰਬਦੀ ਕਲਾਈ, ਭਾਗ-1 ਗੀਤ ਨੰ. 86)

ਭਾਈ ਭੂਮੀਆਂ

1.

ਨ ਜਾਲੀ ਲਾ, ਨ ਪਿੰਜਰਾ ਲੈ,
ਹੁਮਾ ਨੂੰ ਫੜ ਨ ਹੰਸਾਂ ਨੂੰ,
ਨ ਸੋਚੀਂ ਕੈਦ ਪਾਣੇ ਦੀ
ਤੂੰ ਪੰਛੀ ਉੱਚ-ਅੰਸ਼ਾਂ ਨੂੰ।

ਨ ਰੀਝਣ ਚੋਗਿਆਂ ਤੇ ਓ,
ਕਿਵੇਂ ਉਤਰਨਗੇ ਜਾਲੀ ਤੇ?
ਫਸਾ ਸਕਦਾ ਨਹੀਂ ਹੈਂ ਤੂੰ
ਕਿਸੇ ਬਿਧਿ ਸੂੱਛ-ਵੰਸਾਂ ਨੂੰ।

ਓ ਵਿਚਰਨ ਜਿਸ ਜਗਾ ਖੁੱਲੇ,
ਤੇ ਕਰਦੇ ਕੇਲ ਫਿਰਦੇ ਹਨ,
ਤੂੰ ਜਾ ਉਸ ਥਾਂ ਦਰਸ ਪਰਸਨ,
ਮਿਟਾ ਦਿਲ ਮੈਲ ਮੰਸਾਂ ਨੂੰ।

ਅਦਬ ਭੈ ਨਾਲ ਜਾਵੀਂ ਤੂੰ,
ਸੁਣੀਂ ਸੰਗੀਤ ਉਹਨਾਂ ਦੇ,
ਲਈਂ ਸਿਖ ਵੱਲ ਨਿਖੇੜਨ ਦਾ,
ਅਸਾਰੋਂ ਸਾਰ-ਅੰਸਾਂ ਨੂੰ।

ਲਈਂ ਫਿਰ ਛੋਹ ਹੰਸਾਂ ਦੀ,
ਤੇ ਸਾਯਾ ਲਈਂ ਹੁਮਾ ਦਾ ਤੂੰ,
ਮੁੜੇਂਗਾ ਫੇਰ ਹੋ ਆਪੇ,
ਹੁਮਾ ਤੂੰ, ਰਾਜ-ਹੰਸਾਂ ਤੂੰ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਉਬਾਰਨ ਲਈ ਘਰ ਬਾਰ ਤਿਆਗ ਕੇ ਪਰਦੇਸਾਂ ਨੂੰ ਟੁਰੇ ਸਨ ਤਾਂ ਪਹਿਲੋਂ ਆਪ ਨੇ ਤੁਲੰਭੇ ਦੇ ਲਾਗ ਵਾਰ ਵੱਸਦੇ ਜਿਸ ਕੁਫ਼ਰ ਗੜ੍ਹ ਨੂੰ ਤੋੜਿਆ ਸੀ, ਉਹ ਸੱਜਣ ਠੱਗ ਦਾ ਠੱਗੀ ਵਾਲਾ ਟਿਕਾਣਾ ਸੀ। ਇਸ ਭੁੱਲੇ ਹੋਏ ਜੰਤ ਨੂੰ ਰਸਤੇ ਪਾ ਕੇ ਤੇ ਇਸ ਦੇ ਪਾਪ ਗ੍ਰਿਹ ਨੂੰ ਗਿਰਵਾ ਕੇ ਪਹਿਲੀ ਧਰਮਸਾਲ ਬਣਵਾ ਕੇ ਆਪ ਅੱਗੇ ਟੁਰੇ ਸਨ। (ਪੜ੍ਹੋ ਗੁ. ਨਾ. ਚ. ਵਿਚ "ਸਜਨ ਠੱਗ" ਵਾਲਾ ਲੇਖ।) ਰਸਤੇ ਵਿਚ ਅਨੇਕਾਂ ਜੀਵ ਤਾਰੇ, ਅਨੇਕਾਂ ਵਡੇ ਪਾਪੀ ਰਸਤੇ ਪਾ ਕੇ ਬਚਾਏ। ਛੇਕੜ ਆਪ ਆਸਾਮ ਪਹੁੰਚੇ। ਏਥੇ ਸਭ ਤੋਂ ਔਖਾ ਥਾਂਉਂ ਇਕ ਚੇਟਕੀ ਫਕੀਰਨ ਨੂਰਸ਼ਾਹ (ਪੜ੍ਹੋ ਗੁ. ਨਾ. ਚ. ਵਿਚ "ਨੂਰਸ਼ਾਹ ਨਿਸਤਾਰਾ" ਨਾਮ ਦਾ ਲੇਖ) ਨਾਮੇ ਦਾ ਸੀ। ਇਸ ਤ੍ਰੀਮਤ ਫ਼ਕੀਰ ਨੇ ਜੋ ਮਰਦਾਂ ਤੋਂ ਵਧੀਕ ਤਕੜੀ ਤੇ ਤ੍ਰੀਮਤਾਂ ਤੋਂ ਵਧੀਕ ਸਿਆਣੀ ਸੀ ਬੜੇ ਬੜੇ ਦਾਨੇ ਤੇ ਸਿਆਣੇ ਸਾਧ, ਅਮੀਰ ਤੇ ਵਡੇ ਲੋਕ ਚੇਲੇ ਬਣਾ ਰਖੇ ਸਨ। ਇਸ ਦੀ ਤ੍ਰਾਟਕ ਮੁਦ੍ਰਾ ਨੇੜੇ ਆਇਆਂ ਨੂੰ ਫਾਹ ਲੈਂਦੀ ਸੀ ਤੇ ਇਸ ਦੇ ਰੁਪਏ ਨਾਲ ਛੱਡੇ ਦੂਤ ਦੂਤਣੀਆਂ ਦੂਰ ਨੇੜੇ ਤੋਂ ਲੋਕਾਂ ਨੂੰ ਇਸ ਦੇ ਜਸ ਗਾ ਗਾਕੇ ਇਸ ਦੇ ਫੰਧੇ ਵਿਚ ਫਸਾ ਦੇਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਸੱਚ ਦੇ ਸੂਰਜ ਨੇ ਇਸ ਕੁਫ਼ਰ ਗੜ੍ਹ ਨੂੰ ਸੋਧਿਆ। ਇਹ ਬੀਬੀ ਸਿੱਧੇ ਰਸਤੇ ਪੈ ਗਈ। ਪਾਪ ਝੂਠ ਇਸ ਨੇ ਤਿਆਗ ਦਿਤੇ। ਜਦ ਇਹ ਵਾਹਿਗੁਰੂ ਜੀ ਦੇ ਨਾਮ ਦੇ ਰਸਤੇ ਪੈ ਗਈ ਤਾਂ ਸੁਭਾਗ ਹੋ ਗਈ। ਅਨੇਕਾਂ ਲੋਕੀਂ ਜੋ ਇਸ ਦੇ ਮਗਰ ਲੱਗਕੇ ਕੁਰਾਹੇ ਪੈ ਰਹੇ ਸਨ ਸੁਮਾਰਗ ਪੈ ਗਏ। ਇਹ ਭਾਰੀ ਦੁੱਖਾਂ ਦਾ ਟਿਕਾਣਾ ਸੁਖਾਂ ਵਿਚ ਬਦਲਕੇ ਹੁਣ ਸ੍ਰੀ ਗੁਰੂ ਜੀ ਨੂੰ ਇਕ ਹੋਰ ਟਿਕਾਣੇ ਦੀ ਸੂੰਹ ਪਈ ਕਿ ਜਿਥੇ ਪੁੰਨ ਦੇ ਭੁਲੇਵੇ ਪਾਪ ਵਰਤ ਰਿਹਾ ਸੀ। ਢਾਕੇ ਦੀ ਇਕ ਵਸਤੀ ਵਿਚ ਇਕ ਜ਼ਿਮੀਂਦਾਰ ਰਹਿੰਦਾ ਸੀ। ਜਾਪਦਾ ਹੈ ਕਿ ਇਹ ਗਿਰਾਂ ਢਾਕੇ ਦੇ ਇਲਾਕੇ ਵਿਚ ਕਿਤੇ ਸੀ। ਇਹ ਆਦਮੀ ਸੀ ਤਾਂ ਜ਼ਿਮੀਂਦਾਰ, ਪਰ ਇਸ ਦਾ ਕਿੱਤਾ ਇਹ ਗੱਲ ਹੋ ਚੁਕੀ ਸੀ ਕਿ ਇਹ ਦਿਨ ਨੂੰ ਰਾਹਾਂ ਖਹਿੜਿਆਂ ਵਿਚ ਤੇ ਹੋਰਥੇ ਧਾੜੇ ਮਾਰਦਾ ਮਰਵਾਉਂਦਾ ਸੀ ਤੇ ਰਾਤ ਵੇਲੇ ਚੋਰੀਆਂ ਕਰਵਾਉਂਦਾ ਸੀ। ਇਸ ਤਰ੍ਹਾਂ ਮਾਲ ਪਦਾਰਥ ਬਹੁਤ ਹੱਥ ਆ ਜਾਣ ਕਰਕੇ ਏਸ ਪਾਸ ਚੋਰ ਤੇ

ਧਾੜਵੀ ਨੌਕਰ ਬੀ ਸਨ। ਪਰੰਤੂ ਇਸ ਭੁੱਲੇ ਹੋਏ ਜੀਵ ਨੂੰ ਇਹ ਸੋਝੀ ਕਿਤੋਂ ਪਈ ਹੋਈ ਸੀ ਕਿ ਪਾਪ ਪੁੰਨਾਂ ਦੇ ਬਦਲੇ ਵਟਾਂਦਰਾ ਖਾ ਜਾਂਦੇ ਹਨ, ਇਸ ਕਰਕੇ ਏਸ ਨੇ ਆਪਣੇ ਘਰ ਵਿਚ ਲੰਗਰ ਵਾਂਙੂ ਸਦਾਬ੍ਰਤ ਬੀ ਲਾਇਆ ਹੋਇਆ ਸੀ। ਐਤਨਾਂ ਖੁੱਲ੍ਹਾ ਸੀ ਇਹ ਸਦਾਬ੍ਰਤ ਕਿ ਜੋ ਜੀਵ ਆਵੇ ਤ੍ਰਿਪਤ ਹੋਕੇ ਜਾਵੇ, ਕਿਸੇ ਨੂੰ ਨਾਂਹ ਨਹੀਂ ਸੀ। ਇਸ ਜ਼ਿਮੀਂਦਾਰ ਨੇ, ਜਿਸ ਨੂੰ "ਭੂਮੀਆਂ" ਕਰਕੇ ਲਿਖਿਆ ਹੈ, ਆਪਣੇ ਗਿਰਾਂ ਦੇ ਲੋਕਾਂ ਨੂੰ ਕਹਿ ਛਡਿਆ ਸੀ ਕਿ ਜੇ ਕੋਈ ਸਾਧ ਫ਼ਕੀਰ ਆਵੇ ਮੇਰੇ ਘਰ ਘੱਲ ਦਿਉ ਮਤ ਕੋਈ ਹੋਰ ਕਿਸੇ ਅਤਿੱਥੀ ਨੂੰ ਆਪਣੇ ਘਰ ਰੱਖੇ। ਜੋ ਕੋਈ ਰੱਖੇਗਾ, ਤਾਂ ਮੈਂ ਉਸਦਾ ਘਰਬਾਰ ਲੁੱਟ ਲੁਟਾ ਦਿਆਂਗਾ। ਇਸ ਦਾ ਸਦਾਬ੍ਰਤ ਅੱਠੇ ਪਹਿਰ ਚਲਦਾ ਰਹਿੰਦਾ ਸੀ, ਕਿਸੇ ਵੇਲੇ ਕੋਈ ਆਵੇ ਰੋਟੀ ਖਾਕੇ ਜਾਂਦਾ ਸੀ। ਇਸ ਭੁੱਲੇ ਹੋਏ ਜੀਉ ਨੂੰ ਇਹ ਕੁਮਤਿ ਪਈ ਹੋਈ ਸੀ ਕਿ ਮੇਰੇ ਅੰਨ ਦਾਨ ਨਾਲ ਮੇਰਾ ਭਲਾ ਹੁੰਦਾ ਪਿਆ ਹੈ। ਮੈਂ ਜੋ ਧਾੜੇ ਚੋਰੀਆਂ ਦੇ ਪਾਪ ਕਰਦਾ ਕਰਾਉਂਦਾ ਹਾਂ, ਓਹ ਮੈਨੂੰ ਨਹੀਂ ਲਗਦੇ, ਕਿਉਂਕਿ ਮੈਂ ਅੰਨ ਦਾਨ ਸਭ ਤੋਂ ਵੱਡਾ ਪੁੰਨ ਜੋ ਪਿਆ ਕਰਦਾ ਹਾਂ। ਨਾਲੇ ਕਦੇ ਇਹ ਬੀ ਸੋਚ ਲਿਆ ਕਰੇ ਕਿ ਐਡਾ ਵਡਾ ਸਦਾਬ੍ਰਤ ਜੋ ਮੈਂ ਟੋਰਨਾ ਹੋਇਆ ਇਹ ਪਦਾਰਥ ਬਿਨਾਂ ਕਿਵੇਂ ਟੁਰੇ, ਮੈਂ ਜੋ ਲੋਕਾਂ ਤੋਂ ਰੁਪੈ ਖੋਹ ਮਾਰਕੇ ਲੈਂਦਾ ਹਾਂ ਇਸ ਦੇ ਟੋਰਨ ਵਾਸਤੇ ਹੀ ਲੈਂਦਾ ਹਾਂ ਨਾ।

ਸਜਣ ਠੱਗ ਤੇ ਹੋਰ ਇਹੋ ਜਿਹੇ ਭੁੱਲੇ ਹੋਏ ਲੋਕਾਂ ਨੂੰ, ਜਿਨ੍ਹਾਂ ਨੂੰ ਸਤਿਗੁਰ ਨੇ ਤਾਰਿਆ ਸੀ, ਇਹ ਭੁਲੇਖਾ ਨਹੀਂ ਸੀ ਕਿ ਅਸੀਂ ਪੁਨ ਪਏ ਕਰਦੇ ਹਾਂ, ਉਹ ਜਾਣਦੇ ਸਨ ਕਿ ਏਹ ਪਾਪ ਕਰਮ ਹਨ। ਉਹਨਾਂ ਨੇ ਪੁੰਨ ਕਰਮਾਂ ਨੂੰ ਪਾਪ ਢਕਨੇ ਦਾ ਪਰਦਾ ਬਣਾਯਾ ਹੋਯਾ ਸੀ, ਪਰ ਏਸ ਧਾੜਵੀ ਨੂੰ ਆਪਣੇ ਪੁੰਨ ਕਰਮਾਂ ਨੇ ਭੁਲੇਵਾਂ ਪਾਯਾ ਹੋਇਆ ਸੀ ਕਿ ਮੈਂ ਪਰਸੁਆਰਥੀ ਹਾਂ ਤੇ ਪੁੰਨੀ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੀੜਾ ਹਰਨ ਵਾਲੇ ਪਵਿਤ੍ਰ ਕੰਨਾਂ ਨੇ ਸੁਣ ਪਾਈ ਇਹ ਸੋਇ ਤੇ ਦਿਲ ਦ੍ਰਵ ਗਿਆ ਕਿ ਇਸ ਮੂਰਖ ਦੇ ਹੱਥੋਂ ਕਸ਼ਟ ਪਾ ਰਹੀ ਸ੍ਰਿਸ਼ਟੀ ਦਾ ਉਧਾਰ ਕਰੀਏ। ਕੁਰਲਾ ਰਹੀ ਦੁਖੀ ਪਰਜਾ ਦਾ ਸੰਕਟ ਹਰਨ ਵਾਸਤੇ ਗੁਰੂ ਬਾਬੇ ਨੇ ਆਪਣੇ ਚਰਨ ਹੁਣ ਏਸ ਧਰਤੀ ਵਲ ਮੋੜੇ। ਜਾਂਦੇ ਜਾਂਦੇ ਜਾਂ ਆਪ ਓਸ ਪਿੰਡ ਅੱਪੜੇ ਤਾਂ ਇਕ ਭਲੇ ਪੁਰਖ ਦੇ ਘਰ ਜਾ ਖੜੇ ਹੋਏ। ਓਸ

ਨੇ ਦਰਸ਼ਨ ਕਰਕੇ ਸੁਖ ਪਾਇਆ, ਚਿਤ ਕੀਤੋਸੁ ਕਿ ਸੇਵਾ ਭਾਉ ਕਰਾਂ, ਅੰਨ ਖੁਲਾਵਾਂ ਤੇ ਰਾਤ ਪਾਸ ਰੱਖਾਂ; ਐਸੇ ਸੁਹਣੇ ਰੂਪ ਰੰਗ ਵਾਲੇ ਸਾਧੂ ਕਦੇ ਨਹੀਂ ਡਿੱਠੇ। ਪਰ ਫੇਰ ਭੂਮੀਏ ਦੇ ਭੈ ਕਰਕੇ ਡਰਿਆ ਤੇ ਕਹਿਣ ਲੱਗਾ 'ਆਓ ਜੀਉ ਆਇਆਂ ਨੂੰ। ਬੈਠੋ ਆਰਾਮ ਕਰੋ ਸੇਵਾ ਦੱਸੋ, ਇਹ ਆਪ ਦਾ ਘਰ ਹੈ। ਪਰ ਹੇ ਹੰਸ ਰੂਪ ਜੀ! ਸਾਨੂੰ ਆਪਣੇ ਗਿਰਾਂ ਦੇ ਚਉਧਰੀ ਦਾ ਡਰ ਹੈ ਜੋ ਵਡਾ ਜ਼ਿਮੀਂਦਾਰ ਤੇ ਬੜੇ ਪਦਾਰਥ ਵਾਲਾ ਹੈ, ਤੇ ਬੜਾ ਸਦਾਬ੍ਰਤ ਲਾਇਆ ਹੋਇਆ ਹੈ ਸੁ ਆਏ ਗਏ ਦੇ ਵਾਸਤੇ। ਉਸ ਦਾ ਹੁਕਮ ਹੈ ਕਿ ਮਤ ਕੋਈ ਆਪਣੇ ਘਰ ਕਿਸੇ ਆਏ ਸੰਤ, ਫ਼ਕੀਰ, ਅਭਜਾਗਤ ਦਾ ਉਤਾਰਾ ਕਰਾਵੇ ਕਿ ਸੇਵਾ ਭਾਉ ਕਰੇ। ਸਭ ਕੋਈ ਜੋ ਆਵੇ ਮੇਰੇ ਘਰ ਪੁਚਾ ਦਿਓ। ਜੇ ਕੋਈ ਮੇਰੀ ਆਗਜਾ ਭੰਨੇਗਾ ਉਸ ਦਾ ਘਰ ਮੈਂ ਭੰਨ ਲਵਾਂਗਾ। ਸੋ ਹੇ ਦੇਵ ਮੂਰਤੀ ਭਗਵਾਨ! ਆਓ ਮੈਂ ਆਪ ਨੂੰ ਉਸ ਦੇ ਘਰ ਪਹੁੰਚਾ ਆਵਾਂ।' ਇਹ ਕਹਿਕੇ ਸਤਿਗੁਰ ਜੀ ਨੂੰ ਨਾਲ ਲੈਕੇ ਟੁਰ ਪਿਆ ਤੇ ਟੁਰਦਾ ਜਾਂਦਾ ਅਸਮਾਨਾਂ ਵਲ ਤੱਕਿਆ ਤੇ ਹਾਹ ਵਾਂਙੂ ਹਾਹ ਮਾਰਕੇ ਤੇ ਠੰਢਾ ਸਾਹ ਲੈਕੇ ਕਹਿਣ ਲੱਗਾ: 'ਹੇ ਨੀਲੇ ਨੀਲੇ ਪਰਦੇ ਦੇ ਉਹਲੇ ਰਹਿਣ ਵਾਲਿਆ! ਏਸ ਭੂਮੀਏ ਨੇ ਜਗਤ ਦੇ ਤਾਂ ਧਨ ਮਾਲ ਖੋਹ ਲਏ, ਪਰ ਸਾਡੇ ਪੁੰਨ ਕਰਮ ਬੀ ਖੋਹ ਲਏ। ਅਸੀਂ ਭਲਿਆਈ ਕਿਸ ਮੌਕੇ ਤੇ ਕਰੀਏ ਤੇ ਅਪਣੇ ਲਈ ਪੁੰਨਾਂ ਦਾ ਤੋਸ਼ਾ ਕਦੋਂ ਲੱਦੀਏ, ਚੰਗਾ ਹੋਵੇ ਜੋ ਇਹ ਸਾਡੇ ਬੀ ਘਰ ਬਾਰ ਲੁੱਟ ਲਵੇ, ਪਰ ਸਾਨੂੰ ਨੇਕੀਓਂ ਤਾਂ ਨਾ ਵਾਂਜੇ।' ਇਹ ਕਹਿ ਹੋਰ ਸੋਚੀਂ ਪੈ ਗਿਆ ਕਿ ਜੇ ਇਹ ਸਾਡਾ ਸਭ ਕੁਛ ਖੋਹ ਲਵੇ ਤਾਂ ਅਸੀਂ ਫੇਰ ਪੁੰਨ ਕਾਹਦੇ ਨਾਲ ਕਰਾਂਗੇ। 'ਹੱਛਾ! ਭਾਵੀ ਪ੍ਰਬਲ ਹੈ। ਸਹੁ ਹੇ ਮਨ ਸਹੁ!' ਇੰਨੇ ਨੂੰ ਭੂਮੀਏ ਦਾ ਘਰ ਆ ਗਿਆ ਤੇ ਉਹ ਬੰਦਾ ਸਤਿਗੁਰਾਂ ਨੂੰ ਸਾਥੀਆਂ ਸਣੇ ਓਥੇ ਛੋੜਕੇ ਨਮਸਕਾਰ ਕਰਕੇ ਚਲਾ ਗਿਆ।

ਜਦ ਭੂਮੀਏ ਨੂੰ ਖ਼ਬਰ ਹੋਈ ਕਿ ਮੇਰੇ ਘਰ ਕੋਈ ਬੜੇ ਤੇਜ ਰੂਪ ਵਾਲਾ ਸੰਤ ਆਇਆ ਹੈ ਤੇ ਉਸਦੇ ਨਾਲ ਉਸਦੇ ਦੇਸ਼ ਦਾ ਕੋਈ ਹੋਰ ਸਾਧੂ ਬੀ ਹੈ, ਹਿਕੇ ਕੋਈ ਹੋਰ ਸੰਤ ਹੈ ਤਾਂ ਉਹ ਆਦਰ ਕਰਨ ਲਈ ਆਇਆ ਤੇ ਬੜੇ ਭਾਉ ਨਾਲ ਸੁਹਣੇ ਟਿਕਾਣੇ ਬਿਠਾਕੇ ਲਗਾ ਖ਼ਾਤਰਦਾਰੀ ਕਰਨ। ਦਰਸ਼ਨ ਕਰਕੇ ਠੰਢ ਪਈ, ਦਿਲ ਨੂੰ ਕਹਿਣ ਲਗਾ ਕਿ ਐਸਾ

ਸੁਹਣਾ ਦੀਦਾਰ ਅੱਗੇ ਨਹੀਂ ਸੀ ਕਦੇ ਡਿੱਠਾ। ਖਿੱਚ ਪਵੇ ਸੁ, ਮਿੱਠੇ ਲੱਗਣ ਸੁ, ਪਰ ਸਮਝ ਨਾ ਆਵੇ ਸੁ ਕਿ ਕਿਉਂ? ਭੂਮੀਏ ਨੇ ਪਹਿਲਾਂ ਬਚਨਾਂ ਦਾ ਆਦਰ ਭਾਉ ਕੀਤਾ। ਫੇਰ ਚਰਨ ਧੋਤੇ ਤੇ ਫੇਰ ਆਖਣ ਲੱਗਾ: ਜੀਓ ਸੰਤ ਜੀ! ਅੰਨ ਭੋਜਨ ਤਿਆਰ ਹੈ; ਆਓ ਆਪ ਜੀਵੋ। ਤਾਂ ਸਤਿਗੁਰੂ ਜੀ ਨੇ ਆਖਿਆ, 'ਭਾਈ ਭਲਾ ਹੋਵੀ, ਅਸਾਂ ਨੂੰ ਪਹਿਲੋਂ ਦੱਸ ਜੋ ਤੂੰ ਕਿਰਤ ਕੀਹ ਕਰਦਾ ਹੈਂ।' ਇਹ ਸੁਣਕੇ ਭੂਮੀਏ ਦੇ ਜੀ ਵਿਚ ਇਕ ਟੋਆ ਜਿਹਾ ਪੈ ਗਿਆ। ਸੋਚਣ ਲੱਗਾ ਕਿ ਜੇ ਮੈਂ ਆਖਦਾ ਹਾਂ ਕਿ ਮੈਂ ਚੋਰੀ ਕਰਦਾ ਤੇ ਧਾੜੇ ਮਾਰਦਾ ਹਾਂ ਤਾਂ ਗਲ ਕੋਝੀ ਹੋਈ ਤੇ ਕੂੜ ਮਾਰਦਾ ਹਾਂ ਤਾਂ ਏਹ ਪੂਰੇ ਭਾਂਡੇ ਜਾਪਦੇ ਹਨ, ਲਖ ਲੈਣਗੇ। ਜੇ ਏਹ ਕਿਤੇ ਕਿਸੇ ਵੈਰੀ ਤੋਂ ਸੂੰਹ ਸੁਣ ਹੀ ਆਏ ਹੋਣ ਕਿ ਮੇਰਾ ਕਿੱਤਾ ਮਾਰਨਾ ਤੇ ਖੁਹਣਾ ਹੈ ਤਾਂ ਮੂੰਹ ਤੇ ਸ਼ਰਮਿੰਦਿਆਂ ਕਰ ਦੇਣਗੇ, ਕਿਵੇਂ ਇਨ੍ਹਾਂ ਅੱਗੇ ਕੂੜ ਕਹਾਂ। ਜਿਸ ਵੇਲੇ ਇਸ ਦਾ ਮਨ ਇਸ ਤਰ੍ਹਾਂ ਦੀਆਂ ਸੋਚਾਂ ਵਿਚ ਸੀ, ਸ੍ਰੀ ਗੁਰੂ ਜੀ ਇਸ ਦੇ ਚਿਹਰੇ ਵਲ ਪਵਿਤ੍ਰ ਨਜ਼ਰ ਪਾਕੇ ਤੱਕ ਰਹੇ ਸਨ। ਇਸ ਨਜ਼ਰ ਨਾਲ ਇਸ ਦੇ ਪਾਪ ਇਸ ਦੇ ਅੰਦਰ ਕੰਬ ਪਏ ਸਨ ਤੇ ਮਨ ਨੇ ਸੋਝੀ ਵਲ ਰੁਖ਼ ਕਰ ਲਿਆ ਪਰ ਕਿਸੇ ਘਬਰਾ ਜਿਹੇ ਵਿਚ। ਇਸ ਘਬਰਾ ਵਿਚ, ਇਸ ਦੁਚਿਤਾਈ ਵਿਚ ਜੋ ਅੰਦਰ ਰੇੜਕਾ ਪਿਆ ਉਸ ਨਾਲ ਮੱਖਣ ਵਾਂਙ ਸੱਚ ਉਪਰ ਤਰ ਆਇਆ ਤੇ ਉਸ ਦੇ ਮੂੰਹੋਂ ਨਿਕਲ ਗਿਆ: 'ਦਾਤਾ ਮੇਰੇ! ਰੋਜ਼ੀ ਮੇਰੀ ਮਾੜੀ ਹੈ, ਕਿਰਤ ਮੇਰੀ ਚੰਗੀ ਨਹੀਂ, ਤੁਸੀਂ ਪੁਛਿਆ ਹੈ ਦੱਸ, ਮੈਨੂੰ ਡਰ ਲਗਦਾ ਹੈ ਸੱਚ ਬੋਲਣ ਤੋਂ, ਪਰ ਸੱਚ ਇਹ ਜੇ ਕਿ ਮੈਂ ਦਿਨੇ ਰਾਹ ਖਹਿੜੇ ਲੁੱਟਦਾ ਹਾਂ, ਰਾਤ ਚੋਰੀਆਂ ਕਰਵਾਉਂਦਾ ਹਾਂ। ਪਰ ਇਕ ਗੱਲ ਜੇ! ਮੈਂ ਲਾਉਂਦਾ ਭਲੇ ਅਰਥ ਹਾਂ, ਸਦਾਬ੍ਰਤ ਮੇਰਾ ਜੇ ਜਾਰੀ, ਆਇਆ ਗਿਆ ਸਾਧ ਸੰਤ ਸਭ ਵਰੋਸਾਕੇ ਜਾਂਦਾ ਹੈ ਏਥੋਂ, ਦੂਰੋਂ ਦੂਰੋਂ ਸਾਧੂ ਸੰਤ ਏਥੇ ਆਉਂਦੇ ਹਨ ਤੇ ਮੈਂ ਸੇਵਾ ਕਰਦਾ ਹਾਂ ਹਰ ਤਰ੍ਹਾਂ ਨਾਲ। ਸਭ ਸੰਤ ਪ੍ਰਸੰਨ ਜਾਂਦੇ ਹਨ, ਆਖਦੇ ਹੈਨ ਜੋ ਤੇਰੇ ਜੈਸਾ ਪੁੰਨੀ ਤੂੰਹੋਂ ਹੀ ਹੈਂ। ਸੋ ਮੈਂ ਜਿਨ੍ਹਾਂ ਪਾਸ ਹੈ ਉਹਨਾਂ ਤੋਂ ਖੋਂਹਦਾ ਹਾਂ ਤੇ ਅਭ੍ਯਾਗਤਾਂ ਨੂੰ ਵਰੋਸਾਉਂਦਾ ਹਾਂ।' ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲਗੇ, 'ਭਲਾ ਹੋਵੀ, ਸੱਚ ਬੋਲਿਆ ਈ।'

ਭੂਮੀਆਂ— ਅੱਗੇ ਤਾਂ ਹੀਏ ਨਾਲ ਕਦੇ ਨਹੀਂ ਕਿਸੇ ਮੈਥੋਂ ਏਦਾਂ ਪੁਛਿਆ ਤੇ ਨਾ ਮੈਂ ਕਦੇ ਆਪਣੇ ਮੂੰਹੋਂ ਆਪਣਾ ਮੜੱਪਣ ਆਪ ਮੰਨਿਆਂ ਹੈ, ਪਰ ਹੇ ਸੰਤ! ਤੇਰੇ ਨੈਣਾਂ ਵਿਚ ਪਤਾ ਨਹੀਂ ਕੀਹ ਹੈ, ਅਜ ਪਹਿਲਾ ਦਿਨ ਹੈ ਕਿ ਮੈਂ ਕੰਬਿਆ ਹਾਂ ਤੇ ਆਪਣਾ ਕੀਤਾ ਆਪ ਕਹਿ ਦਿੱਤਾ ਹੈ, ਲਓ ਹੁਣ ਆਓ ਭੋਜਨ ਪਾਓ।

ਸਤਿਗੁਰ— ਜਦ ਭਾਈ ਤੇਰੀ ਕਮਾਈ ਤੂੰ ਆਪ ਮਾੜੀ ਦੱਸੀ ਹੈ ਤਾਂ ਤੇਰਾ ਭੋਜਨ ਫ਼ਕੀਰਾਂ ਦੇ ਖਾਣ ਦਾ ਨਹੀਂ ਹੈ।

ਭੂਮੀਆਂ— ਜਦ ਸਭ ਕੁਛ ਮੈਂ ਭਲੇ ਅਰਥ ਲਾਉਂਦਾ ਹਾਂ ਤਾਂ ਬੀ ਕਮਾਈ ਵਿਚ ਦੋਸ਼ ਹੈ?

ਸਤਿਗੁਰ— ਜਿਨ੍ਹਾਂ ਨੂੰ ਤੂੰ ਮਾਰਦਾ ਹੈਂ, ਖੋਂਹਦਾ ਹੈਂ, ਓਹ ਰੋਂਦੇ ਹਨ, ਦੁਖੀ ਹੁੰਦੇ ਹਨ। ਦੱਸ ਉਸ ਪਦਾਰਥ ਨਾਲ ਬੀਜੇ ਪ੍ਰਿੰਨ ਕਿਸ ਤਰ੍ਹਾਂ ਉੱਗ ਸਕਦੇ ਹਨ। ਸਬੂਤ ਦਾਣੇ ਬੀਜੇ ਤਾਂ ਉਗਦੇ ਹਨ ਕਦੇ ਦਾਲ ਬੀ ਬੀਜੀ ਉੱਗੀ ਹੈ?

ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥

(ਆਸਾ ਦੀ ਵਾਰ, ਮਹਲਾ ੧, ਪੰਨਾ ੪੬੮)

ਭੂਮੀਆਂ ਸੋਚੀਂ ਪੈ ਗਿਆ, ਉਸ ਦੇ ਪਾਪ ਕੰਬੇ। ਜ਼ਖਮੀ ਕੀਤੇ, ਲੁੱਟੇ, ਖੋਹੇ, ਮਾਰੇ ਲੋਕ, ਤੜਫਦੇ, ਰੋਂਦੇ, ਬਦਅਸੀਸਾਂ ਦੇਂਦੇ ਸਭ ਅੱਖਾਂ ਅੱਗੇ ਆ ਗਏ। ਇਕ ਮੈਦਾਨ ਐਸੇ ਕਸ਼ਟ ਵਿਚ ਦੁਖੀਆਂ ਦਾ ਭਰਿਆ ਹੋਇਆ ਨਜ਼ਰ ਪੈ ਗਿਆ। ਭੂਮੀਆਂ ਫੇਰ ਕੰਬਿਆ। ਸਤਿਗੁਰ ਦੇ ਇਲਾਹੀ ਨੈਣ ਉਸ ਦੇ ਮੱਥੇ ਨੂੰ ਦੇਖ ਰਹੇ ਸਨ, ਪਰ ਭੂਮੀਆਂ ਦੇਖ ਰਿਹਾ ਸੀ ਤੜਫਣੀਆਂ, ਵਿਲਕਣੀਆਂ ਤੇ ਉਸ ਨੂੰ ਮਿਲ ਰਹੀਆਂ ਬਦ ਅਸੀਸਾਂ ਨੂੰ। ਕੁਛ ਦੇਰ ਐਉਂ ਹੋ ਹਵਾ ਕੇ ਫੇਰ ਉਸ ਦੇ ਮਨ ਅਗੋਂ ਇਹ ਦਰਸ਼ਨ ਦੂਰ ਹੋ ਗਿਆ। ਫਿਰ ਸਤਿਗੁਰ ਦੇ ਚਰਨਾਂ ਵਲ ਤੱਕਿਆ ਤੇ ਆਖਣ ਲੱਗਾ, "ਤੁਸੀਂ ਠੀਕ ਕਿਹਾ ਹੈ, ਪਰ ਹੁਣ ਤੁਸੀਂ ਭੋਜਨ ਪਾਓ ਜੋ ਮੇਰਾ ਭਲਾ ਹੋਵੇ। ਭਲੇ ਭਲੇ ਏਥੇ ਅੰਨ ਪਾ ਗਏ ਹਨ, ਉਹਨਾਂ ਦੀਆਂ ਅਸੀਸਾਂ ਦਾ ਪੁੰਨ ਫਲ ਬੀ ਤਾਂ ਮੈਨੂੰ ਮਿਲੇਗਾ ਨਾ, ਕਰੋ ਮਿਹਰ!"

ਸਤਿਗੁਰ— ਭਾਈ ਇਹ ਕ੍ਰਿਤ ਛੋੜ, ਧਰਮ ਕਿਰਤ ਕਰ, ਤਾਂ ਤੇਰਾ ਭਲਾ ਹੋਵੇਗਾ। 'ਰਤੁ ਨਾਲ ਲਿਬੜਿਆ ਧਨ, ਅਸੀਸਾਂ ਨਾਲ 'ਧਰਮ ਧਨ' ਨਹੀਂ ਬਣ ਸਕਦਾ।

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥

(ਵਾਰ ਮਾਝ ਮਹਲਾ ੧, ਪੰਨਾ ੧੪੧)

ਜੋ ਤੂੰ ਫੇੜੇ ਹਨ, ਫੇੜਿਆਂ ਦਾ ਦੁਖ ਤੂੰ ਸਹਿਣਾ ਹੈ। ਤੇਰੇ ਫੇੜਿਆਂ ਦਾ ਦੁਖ ਤੇਰੇ ਘਰੋਂ ਖਾਣ ਵਾਲਿਆਂ ਨਹੀਂ ਸਹਿਣਾ। ਦੇਖ ਜੇ ਕਿਸੇ ਦਿਨ ਤੂੰ ਰਾਜੇ ਦੇ ਢਹੇ ਚੜ੍ਹ ਗਿਆ ਤਾਂ ਸੂਲੀ ਕੌਣ ਚੜ੍ਹੇਗਾ-ਤੂੰ ਕਿ ਤੇਰੇ ਘਰ ਖਾ ਗਏ ਸਾਧ ਫ਼ਕੀਰ? ਏਸੇ ਤਰ੍ਹਾਂ ਵੀਚਾਰ ਲੈ ਕਿ ਧਰਮ ਜਿੱਥੇ ਤੁਲੇਗਾ ਤੂੰ ਉਥੇ ਮਾਰੀਏਂਗਾ।

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥

(ਆਸਾ ਦੀ ਵਾਰ, ਮਹਲਾ ੧, ਪੰਨਾ ੪੭੩)

ਆਪਣੇ ਅੰਦਰ ਝਾਤੀ ਮਾਰ। ਪਾਪ ਕਰ ਕਰ ਕੇ ਤੇਰਾ ਮਨ ਕਠੋਰ ਹੋ ਗਿਆ ਹੈ, ਓਥੇ ਦਇਆ ਨਹੀਂ ਉਪਜਦੀ, ਪਰਮੇਸ਼ੁਰ ਦਾ ਭਉ ਨਹੀਂ ਪੈਂਦਾ। ਹਾਂ ਤੇਰੀ ਨਿਯਤ ਵਿਚ ਜੁ ਨੇਕੀ ਦਾ ਕੁਛ ਮਾੜਾ ਮਾੜਾ ਖਿਆਲ ਰਿਹਾ ਹੈ ਤੇ ਉਹ ਮਰਿਆ ਨਹੀਂ ਉਸ ਦਾ ਸਦਕਾ ਅੱਜ ਤੂੰ ਸੱਚ ਬੋਲਿਆ ਹੈ। ਤੇਰੇ ਇਸ ਸੱਚ ਦੇ ਸਦਕੇ ਤੇਰੇ ਤੇ ਮਿਹਰ ਹੋ ਸਕਦੀ ਹੈ, ਪਰ ਤਾਂ ਜੇ ਤੂੰ ਅਗੋਂ ਨੂੰ ਇਹ ਕਿੱਤਾ ਛੱਡ ਦੇਵੇਂ ਤੇ ਧਰਮ ਕਿਰਤ ਕਰੇਂ। ਧਰਮ ਦੀ ਕਿਰਤ ਵਿਚੋਂ ਭਲੇ ਅਰਥ ਲਾਵੇਂ ਤਾਂ ਤੇਰਾ ਦਿਤਾ ਥਾਂ ਪਵੇਗਾ।

ਨਾਨਕ ਆਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥

(ਆਸਾ ਦੀ ਵਾਰ, ਮਹਲਾ ੧, ਪੰਨਾ ੪੭੨)

ਭੂਮੀਆਂ ਸੋਚਣ ਲਗ ਪਿਆ, ਸਿਰ ਫੇਰਨ ਲੱਗ ਪਿਆ; "ਊਂ ਊਂ" ਦੀ ਆਵਾਜ਼ ਆਵੇ ਤੇ ਬੰਦ ਹੋ ਜਾਵੇ। ਫੇਰ ਮੱਥੇ ਤੇ ਹੱਥ ਫੇਰਕੇ ਕਹਿਣ ਲੱਗਾ, ਹੇ ਚੀਰਵੀਂ ਨਜ਼ਰਾਂ ਵਾਲਿਆ! ਅੰਦਰ ਵਿੰਨ੍ਹ ਘੱਤਿਆ ਈ। ਕੀਹ ਆਖਾਂ। ਝੂਠ ਬੋਲਣ ਦੀ ਹਿੰਮਤ ਹਾਰ ਗਈ ਆ; ਵਲਾ ਕਰਨਾ ਭੁੱਲ ਗਿਆ ਈ, ਤੂੰ ਕੋਈ ਆਪ 'ਸੱਚ' ਹੈਂ ਜੋ ਤੇਰੇ ਸਾਹਮਣੇ ਝੂਠ ਆਉਂਦਾ

ਨਹੀਂ, ਮੇਰੇ ਅੰਦਰ ਹੀ ਅੰਦਰ ਲੁਕਦਾ ਜਾਂਦਾ ਏ। ਜੇ ਰਤਾ ਭੋਰਾ ਸੱਚ ਮੇਰੇ ਅੰਦਰ ਹਈ ਉਹ ਹੰਭਲੇ ਮਾਰ ਮਾਰ ਮੂੰਹ ਚੜ੍ਹ ਬਾਹਰ ਆਉਂਦਾ ਪਿਆ ਏ। ਮੇਰੇ ਤੇ ਮਿਹਰ ਕਰ ਤੇ ਮੇਰੇ ਕੀਤੇ ਹੋਏ ਕਰਮ ਬਖਸ਼ ਦੇਹ, ਪਰ ਹੇ ਬਖਸ਼ਣਹਾਰ! ਰਖ ਭਾਵੇਂ ਮਾਰ, ਮੇਰਾ ਹੋ ਚੁਕਾ ਏ ਸੁਭਾਵ ਏਹੋ ਚੋਰੀਆਂ ਤੇ ਧਾੜੇ, ਮੈਥੋਂ ਏਹ ਨਹੀਓਂ ਛੁੱਟਣੇ। ਮੇਰਾ ਤਾਂ ਲਹੂ ਏਹੋ, ਮੇਰਾ ਸੁਭਾਵ ਏਹੋ, ਪਿਉ ਏਹੋ ਕਿੱਤਾ ਕਰਦਾ ਗਿਆ, ਦਾਦਾ ਇਹੋ ਕਰਦਾ ਰਿਹਾ, ਮੈਂ ਇਹੋ ਕਰਦਾ ਰਿਹਾ-ਪਰ ਮੈਂ ਨੇਕੀ ਤੇ ਲਾਯਾ ਤੇ ਆਪਣਾ ਕਮਾਯਾ। (ਸਿਰ ਫੇਰ ਫੇਰਕੇ) ਕੂੜੀ ਗੱਲ, ਨਹੀਂ ਮੈਥੋਂ ਨਹੀਂ ਛੁੱਟ ਸਕਦਾ ਏਹ ਕਿੱਤਾ। ਪਰ ਸੁਹਣਿਆਂ! ਤੂੰ ਡਾਢਾ ਚੰਗਾ ਲੱਗਾ ਏਂ, ਉਹ ਜਾਣੇ ਦੋ ਘੜੀਆਂ ਹੋ ਲਈਂ ਔਖਾ, ਦੋ ਬੁਰਕੀਆਂ ਅੰਨ ਤਾਂ ਖਾ ਜਾਹ। (ਸੋਚ ਕੇ) ਮੇਰੇ ਜ਼ਿਮੀਂ ਬੀ ਹੈ ਉਸ ਦਾ ਅੰਨ ਆਉਂਦਾ ਹੈ। ਉਸ ਅੰਨ ਦੀ ਰੋਟੀ ਪਕਵਾ ਦੇਂਦਾ ਹਾਂ। ਕਿਵੇਂ ਮੰਨ ਭੋਜਨ ਪਾ ਤੇ ਮੇਰੇ ਤੇ ਮਿਹਰ ਕਰ।

ਸਤਿਗੁਰ ਜੀ ਹੁਣ ਮਰਦਾਨੇ ਵਲ ਤੱਕੇ। ਮਰਦਾਨੇ ਰਬਾਬ ਛੇੜ ਦਿਤਾ ਤਾਂ ਆਸਾ ਦੀ ਵਾਰ ਦੀ ਇਹ ਪਉੜੀ ਗਾਇਨ ਹੋਈ:-

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ॥
ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹ ਕੈ ਹਿਰਦੈ ਸਚੁ ਵਸਾਇਆ॥
ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ॥
ਵਿਚਿ ਦੁਨੀਆ ਕਾਹੇ ਆਇਆ॥੮॥
(ਵਾਰ. ਆਸਾ ਮ. ੧-੮, ਪੰਨਾ ੪੬੭)

ਇਸ ਪਉੜੀ ਨੂੰ ਭੂਮੀਏ ਨੇ ਸੁਣਿਆ, ਉਸ ਦੇ ਜੀਉ ਤੇ ਨਕਸ਼ ਬੱਝ ਗਿਆ ਕਿ ਸੱਚ ਕੋਈ ਬੜੀ ਅਮੋਲਕ ਚੀਜ਼ ਹੈ। ਆਪ ਸੱਚ ਬੋਲਿਆ ਸਾਸੁ ਤੇ ਤੱਕ ਰਿਹਾ ਸੀ ਕਿ ਭਾਵੇਂ ਇਹ ਰੱਬ ਦਾ ਪਿਆਰਾ ਜੰਤ ਮੇਰੇ ਪੁੰਨਾਂ ਤੇ ਤਾਂ ਰੀਝ ਨਹੀਂ ਰਿਹਾ, ਪਰ ਉਸ ਸੱਚ ਦੀ ਕਦਰ ਪਾ ਰਿਹਾ ਹੈ। ਫਿਰ ਆਖਣ ਲੱਗਾ, 'ਤੁਸੀਂ ਸੱਚ ਦੇ ਪਿਆਰੇ ਹੋ, ਮੈਂ ਤਾਂ ਜਾਤਾ ਸੀ ਮੇਰੇ ਸੱਚ ਉਤੇ ਗੁੱਸੇ ਹੋਵੋਗੇ, ਪਰ ਤੁਸੀਂ ਮੇਰੇ ਪੁੰਨਾਂ ਤੇ ਨਹੀਂ ਰੀਝੇ ਤੇ ਇਕ ਨਿੱਕੇ ਜਿਹੇ ਸੱਚ ਤੇ ਰੀਝੇ ਹੋ। ਮੈਂ ਕੀ ਕਰਾਂ, ਮੈਂ ਸੋਚਿਆ ਹੈ ਮੈਥੋਂ

ਕਿੱਤਾ ਛੁੱਟਣਾ ਨਹੀਂ, ਸੱਚ ਦੇ ਪਿਆਰਿਆਂ ਨੂੰ ਮੈਂ ਕੂੜਾ ਬਚਨ ਕੀਹ ਦੇ ਦਿਆਂ; ਆਪ ਦੇ ਦਰ ਕੂੜ ਦੀ ਜਾਹ ਕੋਈ ਨਹੀਂ ਦੀਹਦੀ।'

ਸਤਿਗੁਰ ਸੂਰਾ ਵੈਦ ਸੀ। ਉਹ ਜਾਣਦਾ ਸੀ ਕਿ ਇਸ ਨੇ ਇਹ ਬੀ ਨਿਰੋਲ ਸੱਚ ਕਿਹਾ ਹੈ। ਪੀੜ੍ਹੀਆਂ ਦਾ ਕਿੱਤਾ ਤੇ ਉਮਰਾ ਦਾ ਆਪਣਾ ਸੁਭਾਉ ਕਹਿਣੀ ਮਾਤ੍ਰ ਨਾਲ ਨਹੀਂ ਛੁੱਟ ਸਕਦਾ। ਇਹ ਪਾਪ ਵਿਚ ਪਥਰਾ ਗਿਆ ਦਿਲ ਸਹਿਜੇ ਸਹਿਜੇ ਨਰਮ ਹੋਵੇਗਾ। ਇਸ ਨੂੰ ਉਸ ਰਾਹੇ ਪਾ ਦੇਈਏ ਕਿ ਆਪੇ ਇਸ ਤੋਂ ਬੇਮਲੂੰਮੇ ਇਹ ਮਾੜਾ ਕੰਮ, ਜੋ ਕਰ ਰਿਹਾ ਹੈ, ਛੁੱਟ ਜਾਏ। ਤਾਂ ਸ੍ਰੀ ਗੁਰੂ ਜੀ ਆਖਣ ਲੱਗੇ- "ਭੂਮੀਆਂ! ਰੱਬ ਹੈ ਤੇ ਉਸ ਸਦਾ ਰਹਿਣਾ ਹੈ ਤੇ ਹੋਰ ਸਭਣਾਂ ਮਰਨਾ ਹੈ, ਪਰ ਮਰਕੇ ਮਿਟ ਨਹੀਂ ਜਾਣਾ ਮੂਲੋਂ, ਫੇਰ ਰਹਿਣਾ ਹੈ, ਹਾਂ ਜੀਵਨ ਨੇ ਰਹਿਣਾ ਹੈ ਕਿਸੇ ਰੰਗ। ਰਬ ਸੱਚ ਹੈ, ਸੱਚ ਨਾਲ ਮਿਲਦਾ ਹੈ ਤੇ ਸੱਚ ਨਾਲ ਮਿਲਿਆਂ ਹੀ ਕੂੜੇ ਕਰਮਾਂ ਨੇ ਨਾਸ਼ ਹੋਣਾ ਹੈ। ਸਮਝ ਲੈ ਕਿ ਸੱਚ ਹੈ ਸੱਚ ਬੋਲਣਾ, ਤੇ ਸੱਚ ਹੈ ਸੱਚ ਧਾਰਨਾ ਅੰਦਰ ਮਨ ਵਿਚ; ਤੇ ਸੱਚ ਹੈ ਸੱਚ ਨਾਲ ਐਨਾ ਪਿਆਰ ਕਰਨਾ ਕਿ ਭਾਵੇਂ ਕੌੜਾ ਲਗੇ ਸੱਚ ਸੁਣਕੇ, ਪਰ ਉਸ ਨੂੰ ਪਿਆਰ ਕਰੇ ਇਸ ਕਰਕੇ ਕਿ ਇਹ ਸੱਚ ਹੈ। ਜੇ ਇਉਂ ਕਰੇ ਤਾਂ ਫੇਰ ਸੱਚੀ ਸਿਖਿਆ ਲੈਣ ਦਾ ਤੇ ਉਸ ਨੂੰ ਧਾਰਨ ਦਾ ਵੱਲ ਆ ਜਾਂਦਾ ਹੈ। ਸੱਚੀ ਸਿਖ੍ਯਾ ਧਾਰਨ ਨਾਲ ਹੀ ਮੁਕਤੀ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਸੱਚੀ ਸਿਖਿਆ ਹੈ ਉਸ ਦਾ ਨਾਮ। ਪਰਮੇਸ਼ੁਰ ਜਿਵੇਂ ਆਪ ਸੱਚ ਹੈ ਤਿਵੇਂ ਉਸ ਦਾ ਨਾਮ ਸੱਚ ਹੈ!

ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ॥
ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ॥
(ਮਾਰੂ ਵਾਰ ਮ: ੫, ਪੰਨਾ ੧੧੦੧)

ਉਸ ਸੱਚੇ ਨਾਮ ਦੀ ਕਰੇ ਆਰਾਧਣਾ, ਹਾਂ, ਸੱਚੇ ਨਾਮ ਨੂੰ ਧਿਆਵੇ। ਇਉਂ ਕਿ ਇਸ ਦੇਹੀ ਨੂੰ ਧਰਤੀ ਜਾਣੇ। ਜਿਵੇਂ ਧਰਤੀ ਵਾਹੀ ਤੇ ਸੁਹਾਗੇ ਨਾਲ ਭੰਨੀ ਸਾਧੀਦੀ ਹੈ, ਤਿਵੇਂ ਇਹ ਕਾਯਾਂ ਭਲੇ ਕਰਮਾਂ (ਪੁੰਨ ਦਾਨ ਕਰਨ) ਤੇ ਸੱਚ ਬੋਲਣ ਤੇ ਸੱਚ ਧਾਰਨ ਨਾਲ ਸਾਧੀਦੀ ਹੈ। ਇਹ ਸਾਧੀ ਹੋਈ ਧਰਤੀ ਵਿਚ ਫੇਰ ਉਸ ਸੱਚੇ ਦੇ ਸਤਿਨਾਮ ਨੂੰ ਬੀਜੀਦਾ ਹੈ। ਇਹ

ਬੀਉ ਫੇਰ ਮੌਲਦਾ ਹੈ ਅੰਦਰ ਆਪਣੇ, ਫੇਰ ਅੰਦਰਲਾ ਤੀਰਥ ਰੂਪ ਹੋ ਜਾਂਦਾ ਹੈ ਤੇ ਇਸ ਜੀਵ ਦਾ ਉਸ ਤੀਰਥ ਤੇ ਨਿਵਾਸ ਹੋ ਜਾਂਦਾ ਹੈ।

ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
(ਆਸਾ ਦੀ ਵਾਰ, ਪੰਨਾ ੪੬੮)

ਇਹ ਸੱਚ ਅੰਦਰ ਵਸਦੇ, ਸੁਭਾਉ ਵਿਚ ਵਸਦੇ, ਤੇ ਸਰੀਰ ਦੇ ਅੰਗਾਂ ਵਿਚ ਵਸਦੇ ਸਾਰੇ ਪਾਪਾਂ ਨੂੰ ਸੋਧਕੇ ਕੱਢ ਦੇਂਦਾ ਹੈ, ਪਰ ਹੇ ਭੂਮੀਆਂ! ਸ਼ਰਤ ਇਹ ਹੈ ਕਿ ਸੱਚ ਨੂੰ ਘੁੱਟਕੇ ਖਿੱਚਕੇ ਪੱਲੇ ਬੰਨ੍ਹ ਲਵੇ। ਹਾਂ, ਸੱਚ ਪਾਰ ਉਤਾਰਾ ਕਰ ਦੇਵੇਗਾ ਤੇਰਾ। ਮਿਹਰ ਹੋ ਜਾਏਗੀ ਤੇਰੇ ਉੱਤੇ ਬੀ ਪਰ ਜੇ ਸੱਚ ਨੂੰ ਪੱਲੇ ਰੱਖਿਓਈ ਤਾਂ।"

ਓਥੈ ਸਚੋ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੂਹ ਕਾਲ੍ਹੈ ਦੋਜਕਿ ਚਾਲਿਆ॥
(ਆਸਾ ਦੀ ਵਾਰ ਮ: ੧, ਪੰਨਾ ੪੬੩)

ਭੂਮੀਆਂ— ਸੱਚ? ਸੱਚ? ਸੱਚ? ਹੱਛਾ ਹੁਣ ਮੈਂ ਸੱਚ ਧਾਰਨ ਕਰ ਲਵਾਂ? ਸਦਾ ਸੱਚ ਬੋਲਾਂ? ਸੱਚ ਨੂੰ ਪਿਆਰ ਕਰਾਂ। ਦੂਜੀ ਗੱਲ, ਕੋਈ ਮੈਨੂੰ ਸੱਚੀ ਗੱਲ ਆਖੇ, ਚਾਹੇ ਕੌੜੀ ਹੋਵੇ, ਸਹਿ ਲਵਾਂ ਕਿ ਇਹ ਸੱਚੀ ਹੈ? ਹੈਂ? ਠੀਕ ਹੈ ਜੀਓ! ਅੰਦਰੋਂ ਸੱਚਾ ਹੋਵਾਂ, ਲੋਕੀਂ ਕੁਛ ਸਮਝਣ ਪਏ, ਮੈਂ ਅੰਦਰੋਂ ਸੱਚਾ ਹੋਵਾਂ, ਹੈਂ? ਠੀਕ! ਮੈਂ ਫਿਰ ਸੱਚਾ ਰੱਬ ਲਵਾਂ, ਉਹ ਤਾਂ ਮੇਰੇ ਵੱਸ ਨਾ ਨਾ ਹੋਇਆ, ਪਰ ਹੈ ਉਹ ਸੱਚ, ਹੈਂ ਸੱਚ ਕੀਕੂੰ ਹੋਇਆ?

ਮਰਦਾਨਾ— ਭਾਈ ਜੋ ਸਦਾ ਹੋਵੇ ਉਹ ਸੱਚ, ਜੋ ਹੈਸੀ ਸਦਾ ਤੋਂ ਉਹ ਸੱਚ, ਜੋ ਹੈ ਹੁਣ, ਜੋ ਹੋਵੇਗਾ ਸਦਾ ਉਹ 'ਸਦਾ ਸੱਚ' ਹੋਇਆ ਨਾ।

ਭੂਮੀਆਂ— ਠੀਕ, ਉਹ ਰਬ ਸੱਚ ਹੈ, ਸਦਾ ਜੋ ਹੋਇਆ। ਜੋ ਸਦਾ ਹੋਵੇ ਉਹ ਸੱਚ, ਠੀਕ ਹੈ। ਕੂੜ ਤਾਂ ਨਹੀਂ ਨਾ ਸਦਾ ਹੁੰਦਾ, ਉਸ ਨੂੰ ਸੱਚ ਬਣਾ ਕੇ ਬੋਲੀਦਾ ਹੈ, ਤਾਂ ਜਿੰਨਾਂ ਚਿਰ ਅਗਲੇ ਨੂੰ ਉਸ ਦੇ ਸੱਚੇ ਹੋਣ ਦਾ ਭਰੋਸਾ ਰਹਿੰਦਾ ਹੈ ਉੱਨਾਂ ਚਿਰ ਸੱਚ ਦੀ ਉਮਰ ਹੋਈ। ਜਦੋਂ ਪਤਾ ਲਗ ਗਿਆ ਕਿ ਇਹ ਕੂੜ ਹੈ ਤਾਂ ਉਹ ਸੱਚ ਮਰ ਗਿਆ; ਪਰ ਉਹ ਸੱਚ ਤਾਂ ਸੀ ਹੀ ਨਹੀਂ, ਉਹ ਤਾਂ ਕੂੜ ਸੀ, ਸੋ ਮਰ ਗਿਆ, ਕੂੜ

ਮਰਦਾ ਹੈ। ਠੀਕ ਹੈ ਜੀ, ਸੱਚ ਉਹ ਜੋ ਸਦਾ ਰਹੇ ਤੇ ਜੋ ਸਦਾ ਜੀਵੇ ਸੋ ਸੱਚ। ਐਉਂ ਰੱਬ ਜੋ ਸਦਾ ਜੀਉਂਦਾ ਹੈ ਉਹ ਸੱਚ ਹੀ ਹੋਇਆ ਨਾ। ਜਗਤ ਨਹੀਂ ਰਹਿੰਦਾ ਉਹ ਕੂੜ ਹੈ; ਪਰ ਰੱਬ ਰਹਿੰਦਾ ਹੈ ਉਹ ਸੱਚ ਹੈ, ਠੀਕ ਹੈ ਜੀ। ਹਾਂ, ਫਿਰ ਤੁਸਾਂ ਕਿਹਾ ਹੈ ਉਸ ਦਾ ਨਾਮ ਸੱਚ ਹੈ। ਇਹ ਬੀ ਮੈਂ ਅੰਦਰ ਧਾਰ ਲਵਾਂ। ਉਸਦਾ ਨਾਉਂ, ਰੱਬ ਦਾ ਨਾਉਂ ਕੀਕੂੰ ਸੱਚ ਹੈ? ਹਾਂ, ਰੱਬ ਜੁ ਸੱਚਾ ਹੋਇਆ ਤਾਂ ਸੱਚੇ ਦਾ ਨਾਉਂ ਬੀ ਸੱਚਾ। ਮੈਂ ਮਰ ਜਾਣਾ ਹੈ ਮੈਂ ਝੂਠਾ ਹਾਂ, ਮੇਰਾ ਨਾਉਂ ਬੀ ਮਰ ਜਾਏਗਾ ਮੇਰੇ ਮਰਨ ਮਗਰੋਂ, ਸੋ ਮੇਰਾ ਨਾਉਂ ਬੀ ਝੂਠਾ। ਐਉਂ ਸੱਚੇ ਦਾ ਨਾਉਂ ਸਚਾ ਆਪੇ ਹੋਯਾ। ਐਉਂ ਕਿ ਐਉਂ ਹੈ? ਹੈਂ ਜੀਓ? ਜੀਕੂੰ ਸੂਰਜ ਚਾਨਣ ਹੈ ਤੇ ਉਸਦੀ ਧੁੱਪ ਬੀ ਚਾਨਣਾ ਹੈ। ਰੱਬ ਬੀ ਸੱਚ, ਉਸ ਦਾ ਨਾਉਂ ਬੀ ਸੱਚ। ਰੱਬ ਸੂਰਜ ਉਸਦਾ ਨਾਮ ਧੁੱਪ। ਠੀਕ ਹੈ। ਹੁਣ ਕਾਯਾਂ ਧਰਤੀ ਵਾਂਡੂ ਸਾਧਣੀ ਹੈ। ਦਇਆ, ਪੁੰਨ ਦਾਨ ਨਾਲ। ਪੁੰਨ ਦਾਨ ਤਾਂ ਮੈਂ ਕਰਦਾ ਹਾਂ, ਇਹ ਤਾਂ ਕਰਨੇ ਜਾਣਦਾ ਹਾਂ, ਪਰ ਦਇਆ ਮੈਂ ਨਾ ਜਾਣੀ ਸੀ। ਹੱਛਾ ਹੁਣ ਦਇਆ ਸਿੱਖਣੀ ਪਈ। ਦਇਆ ਹੋਵੇ ਤਾਂ ਪੁੰਨ ਦਾਨ ਠੀਕ ਹੈ, ਐਵੇਂ ਤਾਂ ਫੋਕੇ ਹੋਏ ਨਾ ਪੁੰਨ ਜਿਵੇਂ ਹੁੰਦੇ ਹਨ ਤੀਲੀਆਂ ਦੇ ਤੀਰ! ਠੀਕ ਹੈ। ਪਰ ਜੀਓ ਇਹ ਨਾ ਸਮਝਿਆ ਮੈਂ ਕਿ ਆਤਮ ਤੀਰਥ ਕੀਹ ਹੈ ਤੇ ਓਥੇ ਅੰਦਰ ਵੱਸਣਾ ਕੀਹ ਹੈ। ਪਰ ਚੰਗਾ ਮੈਂ ਦਇਆ ਸਿੱਖਾਂ, ਪੁੰਨ ਦਾਨ ਕਰਾਂ, ਜੋ ਕਰਦਾ ਹਾਂ ਤੇ ਸੱਚੇ ਨਾਮ ਨੂੰ ਧਿਆਵਾਂ ਤੇ ਸੱਚੇ ਰੱਬ ਨੂੰ ਮੰਨਾਂ? ਹੈਂ ਮੰਨਾਂ? ਹਾਂ, ਅੱਗੇ ਜਾਣਦਾ ਤਾਂ ਹਾਂ ਰੱਬ, ਪਰ ਕਦੇ ਚੇਤੇ ਨਹੀਂ ਰੱਖਿਆ। ਹੱਛਾ ਜੀ! ਹੁਣ ਗੱਲ ਕੋਈ ਮੋਟੀ ਜੇਹੀ ਕਰਕੇ ਦੱਸ ਦਿਓ ਨਾ।

ਗੁਰੂ ਜੀ— ਭਾਈ ਇਕ ਬਚਨ ਤਾਂ ਇਹ ਹਈ ਕਿ ਸੱਚ ਧਾਰਨ ਕਰ, ਸੱਚ ਬੋਲ, ਸੱਚ ਸੁਣ ਸੱਚੀ ਸਿੱਖਿਆ ਸੁਣ ਜੋ ਤੈਨੂੰ ਦੇ ਰਹੇ ਹਾਂ, ਅੰਦਰੋਂ ਸੱਚਾ ਰਹੁ, ਸੱਚਾ ਨਾਮ ਜਪੁ। ਦੂਜੀ ਗੱਲ ਹਈ ਇਹ ਕਿ ਦਇਆ ਕਰਿਆ ਕਰ, ਗ਼ਰੀਬਾਂ ਤੇ ਦਇਆ, ਹੈਂ? ਤੀਜੀ ਇਹ ਗੱਲ ਕਿ ਤੂੰ ਐਉਂ ਸਮਝ ਲੈ ਕਿ ਲੂਣ ਖਾਕੇ ਬੁਰਾ ਨਾ ਕਰੀਂ ਕਿਸੇ ਦਾ। ਜੇ ਤੂੰ ਤ੍ਰੈ ਬਚਨ ਪਾਲੇਂਗਾ ਤਾਂ ਕਰਮ ਸ਼ੁੱਧ ਹੋ ਜਾਣਗੇ ਤੇ ਮਿਹਰ ਹੋ ਜਾਏਗੀ; ਤੂੰ ਬਖਸ਼ਿਆ ਜਾਏਂਗਾ।

ਭੂਮੀਆਂ— ਠੀਕ, ਲਓ ਜੀ ਤੁਸਾਂ ਤ੍ਰੈ ਕਰਮ ਦੱਸੇ ਹਨ, ਸੱਚ, ਗ਼ੀਬ ਮਾਰ ਨਾ ਕਰਨੀ, ਦਇਆ ਜਿਹੜੀ ਆਖੀ ਨੇ, ਲੂਣ ਖਾਕੇ ਬੁਰਾ ਨਾ ਕਰਨਾ,

ਚੰਗਾ ਜੀ! ਪਰ ਹੁਣ ਪਹਿਲਾ ਸੱਚ ਇਹ ਜੇ ਜੋ ਮੈਂ ਆਖਿਆ ਏ ਕਿ ਮੈਥੋਂ ਇਹ ਕਿੱਤਾ ਨਹੀਂ ਜੇ ਛੁੱਟਣਾ, ਉਵ ਮੈਂ ਜ਼ੋਰ ਲਾਵਾਂਗਾ ਆਪਣੀ ਵਲੋਂ ਜੋ ਛੱਡ ਦਿਆਂ; ਪਰ ਮੈਨੂੰ ਆਪਣੇ ਆਪ ਤੇ ਦ੍ਰਿੜਤਾ ਨਹੀਂ ਜੇ, ਪਰ ਸੱਚ ਬੋਲਾਂਗਾ। ਹੋਰ ਸੱਚ ਜੋ ਤੁਸਾਂ ਆਖੇ ਹਨ, ਹੌਲੇ ਹੌਲੇ ਸਿੱਖ ਲਵਾਂਗਾ, ਪਰ ਦੋ ਤਾਂ ਹੁਣੇ ਧਾਰਦਾ ਹਾਂ। ਇਕ ਬੋਲਣ ਵਾਲਾ ਸੱਚ, ਦੂਸਰੇ ਸੱਚ ਦਾ ਨਾਮ ਜਪੀ ਜਾਣਾ। ਸੱਚ ਦਾ ਫਲ ਤਾਂ ਮੈਂ ਪਰਤੱਖ ਜੁ ਦੇਖ ਲਿਆ, ਤੁਸੀਂ ਸੱਚ ਪਰ ਹੀ ਰੀਝੇ ਹੋ ਨਾ, ਜੋ ਐਨੀ ਮਿਹਰ ਪਏ ਕਰਦੇ ਹੋ। ਦੂਜੀ ਗਲ ਲੂਣ ਖਾਕੇ ਬੁਰਾ ਨਾ ਕਰਨਾ ਤੇ ਤੀਜੀ ਗਲ ਗ਼ਰੀਬ ਦੀ ਮਾਰ ਨਾ ਕਰਨੀ। ਚੰਗਾ ਜੀਓ!

2.

ਜਿਵੇਂ ਜ਼ੋਰ ਦੀ ਹਵਾ ਵਗੇ ਤਾਂ ਮੈਲੀਆਂ ਮੁਸ਼ਕਾਂ ਦੂਰ ਹੋ ਜਾਂਦੀਆਂ ਹਨ, ਮੀਂਹ ਪਵੇ ਤਾਂ ਛਪੜ ਜੌਹੜ ਤਾਜ਼ੇ ਹੋ ਜਾਂਦੇ ਹਨ, ਚਾਨਣ ਦਾ ਧੱਕਾ ਵਜੇ ਤਾਂ ਹਨੇਰਾ ਦੂਰ ਹੋ ਜਾਂਦਾ ਹੈ, ਭੂਮੀਏਂ ਦੇ ਪਾਪਾਂ ਨੂੰ ਇਉਂ ਦਾ ਧਮਾਕਾ ਦੇਕੇ ਉਪਕਾਰੀ ਸਤਿਗੁਰੂ ਜੀ ਅੱਗੇ ਨੂੰ ਰਮਦੇ ਰਹੇ।

ਭੂਮੀਆਂ ਹੁਣ ਅਪਣੇ ਕਿੱਤੇ ਨੂੰ ਛੱਡਦਾ ਹੈ, ਦੋ ਚਾਰ ਦਿਨ ਟਿਕਕੇ ਬੈਠਦਾ ਹੈ, ਪਰ ਫੇਰ ਝੱਸ ਆ ਪੈਂਦਾ ਹੈ। ਸੱਚੇ ਦਾ ਨਾਮ ਬੀ ਜਪਦਾ ਹੈ, ਪਰ ਅਜੇ ਨਾਮ ਤਾਂ ਨਵਾਂ ਫੁੱਟਿਆ ਅੰਗੂਰ ਹੈ ਤੇ ਬਣੇ ਹੋਏ ਸੁਭਾਉ ਰੁੱਖ ਹਨ ਪਤਾਲੀਂ ਜੜ੍ਹਾਂ ਵਾਲੇ। ਪਰ ਇਕ ਫਰਕ ਪੈ ਰਿਹਾ ਹੈ, ਅੱਗੇ ਕਰਦਾ ਸੀ ਤਾਂ ਬਫਾਉਂਦਾ ਸੀ ਆਪਣੀ ਕਾਮਯਾਬੀ ਉੱਤੇ, ਹੁਣ ਕਰਦਾ ਹੈ ਤਾਂ ਕਹਿੰਦਾ ਹੈ ਕੀਹ ਲੀਤਾ ਕਿਸੇ ਦਾ ਧਨ ਹਿਰਕੇ। ਤਦੋ ਸਤਿਗੁਰੂ ਜੀ ਕਹਿੰਦੇ ਸਨ ਛੱਡ ਦੇਹ ਕਿੱਤਾ। ਐਉਂ ਦੇ ਜੱਕੋ ਤੱਕਿਆਂ ਵਿਚ ਸੋਚਣ ਲਗਾ; 'ਉਹ ਹੋ ਮੈਂ ਤਾਂ ਬਚਨ ਦਿਤਾ ਸੀ ਕਿ ਦਇਆ ਕਰਾਂਗਾ ਤੇ ਜੋ ਕੁਛ ਮੈਂ ਕਰਦਾ ਹਾਂ ਇਹ ਤਾਂ ਦਇਆ ਨਹੀਂ'। ਜਾਂ ਇਹ ਸੋਚ ਲੱਗੀ ਵੱਢ ਵੱਢ ਕੇ ਖਾਣ ਤਾਂ ਕਹਿਣ ਲੱਗਾ 'ਮਨਾਂ ਛੱਡ ਹੁਣ ਤੂੰ ਘਰ ਭਨਾਉਣੇ ਤੇ ਰਾਹ ਖਹਿੜੇ ਲੋਕਾਂ ਨੂੰ ਖੋਹਣਾ। ਇਸ ਵਿਚ ਦਇਆ ਨਹੀਂ ਤੇ ਗ਼ਰੀਬ-ਮਾਰ ਬੀ ਕਈ ਵੇਰ ਹੋ ਜਾਂਦੀ ਹੈ। ਪਰ ਮਨਾਂ! ਸਦਾਬ੍ਰਤ ਕੀਕੂੰ ਚੱਲੇ, ਨੌਕਰਾਂ ਜੋਗੇ ਰੁਪੈ ਕਿਥੋਂ ਆਉਣ। ਖਰਚ-ਸ਼ਾਹ ਖਰਚ-ਕੀਕੂੰ ਟੁਰਨ?... ਹੱਛਾ ਬਈ, ਵਾਹ ਵਾਹ ਫੁਰ ਪਈ, ਚੰਗਾ...। ਚਲੋ ਰਾਜਾ ਦਾ ਘਰ ਭੰਨੀਏ,

ਇਸ ਵਿਚ ਗ਼ਰੀਬ ਮਾਰ ਕੋਈ ਨਹੀਂ, ਰਾਜਾ ਸਭ ਤੋਂ ਵਡਾ ਅਮੀਰ ਹੈ, ਉਸ ਦਾ ਘਰ ਲੁੱਟਣ ਵਿਚ ਕੁਦਇਆ ਵੀ ਕੋਈ ਨਹੀਂ, ਰਾਜੇ ਪਾਸ ਕਿਹੜਾ ਆਪਣਾ ਧਨ ਹੈ ਤੇ ਓਸ ਕਿਹੜਾ ਕੰਗਾਲ ਹੋ ਜਾਣਾ ਹੈ। ਬੱਸ ਠੀਕ ਹੈ, ਮਨ ਮੇਰੇ! ਚੱਲ ਹੁਣ ਘਰ ਭੰਨ ਰਾਜੇ ਦਾ। ਇੱਕੋ ਵੇਰ ਆ ਜਾਏਗੀ ਮਾਇਆ ਚੋਖੀ ਤੇ ਢੇਰ ਚਿਰ ਲੰਘ ਜਾਏਗਾ।'

ਇਹ ਸੋਚਕੇ ਉਸਨੇ ਅਗਲੀ ਰਾਤ ਅਮੀਰਾਂ ਵਾਲੇ ਕਪੜੇ ਪਹਿਨੇ ਤੇ ਮੱਥੇ ਜਿਗਾ ਬੀ ਲਾ ਲਈ, ਸੁਹਣਾ ਸ਼ਾਹਜ਼ਾਦਾ ਬਣਕੇ ਚਾਰ ਘੜੀ ਰਾਤ ਗਈ ਰਾਜ ਦੁਆਰ ਚਲਾ ਗਿਆ ਬੇਝਕ ਤੇ ਆਪਣੇ ਮੂੰਹ ਧਿਆਨ ਅੰਦਰ ਜਾਣ ਲੱਗਾ ਤਾਂ ਦਰਵਾਨ ਨੇ ਕਿਹਾ, ਮਹਾਰਾਜ ਆਪ ਕੌਣ ਹੋ ਜੋ ਅੰਦਰ ਜਾਂਦੇ ਹੋ?

ਭੂਮੀਏਂ ਨੂੰ ਸੋਚ ਪੈ ਗਈ- ਝੂਠ ਕਹਾਂ ਕਿ ਸੱਚ? ਮਨ ਨੇ ਕਿਹਾ ਪ੍ਰਣ ਜੋ ਕੀਤਾ ਹੈ ਕਹੁ ਸੱਚ। ਤਾਂ ਉਸ ਨੇ ਬੜੀ ਦ੍ਰਿੜਤਾ ਨਾਲ ਆਖਿਆ ਮੈਂ ਚੋਰ ਹਾਂ। ਦਰਵਾਨ ਸੁਣਕੇ ਘਾਬਰਿਆ, ਫਿਰ ਠਿਠੰਬਰਿਆ ਕਿ ਇਹ ਰਾਜਾ ਦਾ ਕੋਈ ਸਨਬੰਧੀ ਰਾਜ ਕੁਮਾਰ ਹੈ ਜੋ ਬੇਖਟਕੇ ਅੰਦਰ ਲੰਘ ਚਲਿਆ ਸੀ, ਮੈਂ ਰੋਕਿਆ ਹੈ ਤਾਂ ਗੁੱਸੇ ਹੋ ਗਿਆ ਹੈ ਤੇ ਗੁੱਸੇ ਨਾਲ ਆਪ ਨੂੰ ਚੋਰ ਕਹਿੰਦਾ ਹੈ, ਐਸਾ ਨਾ ਹੋਵੇ ਕਿ ਰਾਜਾ ਨੂੰ ਜਾ ਕਹੇ ਕਿ ਦਰਵਾਨ ਨੇ ਮੇਰੀ ਹੱਤਕ ਕੀਤੀ ਹੈ ਤਾਂ ਮੈਂ ਸਜ਼ਾ ਪਾ ਜਾਵਾਂ, ਮੈਂ ਨਵਾਂ ਆਦਮੀ ਹਾਂ। ਤਾਂ ਕਹਿਣ ਲਗਾ-ਹਛਾ ਮਹਾਰਾਜ ਜੀ ਜਾਓ ਖਿਮਾਂ ਕਰਨੀ।

ਭੂਮੀਆਂ ਚਲਾ ਗਿਆ ਅੰਦਰ ਨੂੰ, ਉਹ ਰਾਹ ਤੇ ਮਹੱਲ ਦਾ ਜਾਣੂ ਸੀ। ਜ਼ਿਮੀਂਦਾਰ ਵਡਾ ਹੋਣ ਕਰਕੇ ਕਈ ਵੇਰ ਆਇਆ ਗਿਆ ਤੇ ਰਾਜੇ ਦੇ ਮੂੰਹ ਚਿਤ ਲਗਦਾ ਸੀ। ਸਾਰੀਆਂ ਗੁਪਤ ਥਾਂਵਾਂ ਦੀਆਂ ਸੂੰਹਾਂ ਬੀ ਕੱਢਾ ਚੁਕਾ ਸੀ। ਜਾ ਰਾਜੇ ਦਾ ਨਿੱਜ ਦਾ ਥਾਂ ਲੱਭਿਓਸੁ। ਰਾਜੇ ਰਾਣੀ ਦੇ ਗਹਿਣੇ ਲੈ ਦੇ ਕੇ ਸੁਹਣੀ ਤਰ੍ਹਾਂ ਸੰਭਾਲ ਕੇ ਟੁਰਨ ਲੱਗਾ ਤਾਂ ਇਕ ਸੋਨੇ ਦੀ ਰਕੇਬੀ ਹੋਰ ਦਿੱਸੀਓਸੁ। ਇਸ ਨੂੰ ਚਾਇਓਸੁ ਤਾਂ ਉਸ ਦੇ ਵਿਚ ਕੁਝ ਸੀ, ਟੋਹਕੇ ਦੇਖਣ ਲੱਗਾ ਕਿ ਇਹ ਕੀ ਹੈ ਤਾਂ ਉਹ ਹੱਥਾਂ ਨੂੰ ਲੱਗ ਗਿਆ ਹਰਿਆਨ ਹੋਕੇ ਚੱਖਿਓਸੁ ਤਾਂ ਉਹ ਹਾਜ਼ਮੇ ਦਾ ਚੂਰਨ ਲੱਗਾ, ਪਰ ਦੇਖੋ ਉਸ ਵਿਚ ਲੂਣ ਸੀ, ਉਹ ਲੱਗ ਗਿਆ ਭੂਮੀਏਂ ਦੇ ਮੂੰਹ ਨੂੰ। ਭੂਮੀਆਂ ਸੋਚੀਂ ਪੈ ਗਿਆ।...ਹੈਂ, ਮੈਂ ਤਾਂ ਰਾਜੇ ਦਾ ਲੂਣ ਖਾ ਲਿਆ ਹੈ! ਸਤਿਗੁਰ ਨਾਲ ਬਚਨ ਕੀਤਾ ਸੀ ਕਿ ਮੈਂ ਤਾਂ ਲੂਣ ਖਾਕੇ ਬੁਰਾ ਨਹੀਂ ਕਰਾਂਗਾ, ਹੁਣ

ਚੋਰੀ ਕਿਵੇਂ ਕਰਾਂ, ਪਰ ਨਹੀਂ ਸਤਿਗੁਰ ਦੀ ਸਿਖਜਾ ਏਸ ਵਿਚ ਇਹ ਸੀ ਕਿ ਆਪਣੇ ਮਿੱਤ੍ਰਾਂ ਤੇ ਸਬੰਧੀਆਂ ਦਾ ਬੁਰਾ ਨਹੀਂ ਕਰਨਾ, ਕਿਉਂਕਿ ਖਾਣ ਪੀਣ ਦੀ ਸਾਂਝ ਉਹਨਾਂ ਨਾਲ ਹੁੰਦੀ ਹੈ। ਦੂਜੇ ਇਹ ਬੀ ਹੋਊ ਕਿ ਜਿਸ ਦੀ ਨੌਕਰੀ ਕਰੀਏ ਉਸ ਦਾ ਦਿੱਤਾ ਖਾਈਦਾ ਹੈ, ਉਸ ਦਾ ਬੁਰਾ ਨਾ ਕਰਨਾ ਬੀ ਏਸ ਵਿਚ ਆ ਗਿਆ, ਤੀਸਰੇ ਮੰਗ ਖਾਣ ਵਾਲੇ ਵਾਸਤੇ ਬੀ ਸਿਖਜਾ ਹੋਊ ਕਿ ਜਿਸ ਦਾ ਦਿੱਤਾ ਖਾਣਾ ਹੈ ਦਾਤੇ ਦਾ, ਉਸ ਦਾ ਬੁਰਾ ਨਾ ਕਰੀਏ, ਸੋ ਨਾ ਮੈਂ ਕਿਸੇ ਦਾ ਦਿੱਤਾ ਖਾਂਦਾ ਹਾਂ, ਨਾ ਕਿਸੇ ਦਾ ਚਾਕਰ ਹਾਂ, ਸੰਬੰਧੀਆਂ ਮਿੱਤ੍ਰਾਂ ਦਾ ਬੁਰਾ ਮੈਂ ਕਰਦਾ ਹੀ ਨਹੀਂ, ਫਿਰ ਸਿੱਖਿਆ ਤਾਂ ਕਮਾਈ ਗਈ ਹੈ, ਹੈਂ? (ਹੋਰ ਸੋਚ ਕੇ) ਹੈਂ, ਪਰ ਬਚਨ ਤਾਂ ਏਹੋ ਕੀਤਾ ਸੀ ਗੁਰੂ ਜੀ ਨੇ ਕਿ ਲੂਣ ਖਾ ਕੇ ਬੁਰਾ ਨਹੀਂ ਕਰਨਾ। ਲੂਣ ਹੁਣ ਖਾਧਾ ਗਿਆ, ਚਾਹੋ ਕਿਵੇਂ ਖਾਧਾ ਗਿਆ, ਮੈਨੂੰ ਤਾਂ ਬਚਨ ਪਾਲਣਾ ਚਾਹੀਏ। ਜੇ ਮੈਂ ਜੋ ਕੁਛ ਸਮਝਿਆ ਹੈ ਠੀਕ ਨਾ ਨਿਕਲੇ ਤਾਂ ਦਾਤਾ ਗੁਰੂ ਮਿਹਰ ਨਾ ਕਰਸੀ। ਹਾਂ ਜੀ, ਮਿਹਰ ਨਾਲ ਪਾਪ ਬਖਸ਼ੀਣੇ ਹਨ। ਮਿਹਰ ਨਾਲ ਮੈਂ ਸੱਚ ਦੇ ਤੀਰਥ ਤੇ ਅੱਪੜਨਾ ਹੈ। ਮਿਹਰ ਨਾਲ ਮੈਂ ਅੱਗੇ ਜਾਕੇ ਸੁਖੀ ਹੋਣਾ ਹੈ, ਸੋ ਮਿਹਰ ਲੈਣ ਲਈ ਮੈਂ ਹੁਕਮ ਪਾਲਣਾ ਹੈ। ਲੂਣ ਖਾ ਕੇ ਬੁਰਾ ਨਹੀਂ ਕਰਨਾ ਇਹ ਹੁਕਮ ਹੈਸੀ। ਮੈਂ ਬਚਨ ਦਿੱਤਾ ਹੈ ਕਿ ਕਮਾਵਾਂਗਾ, ਇਹ ਪਾਲਣਾ ਹੈ ਜ਼ਰੂਰ।.... ਹੈਂ ਫੇਰ ਘਰ ਦਾ ਖਰਚ ਕੀਕੂੰ ਤੁਰੂ? ਹੱਛਾ ਹੋਰ ਰਾਜਾ ਕੋਈ ਚੱਲ ਸੱਲਾਂਗੇ। ਚੱਲ ਮਨਾਂ ਹੁਣ ਚੱਲ। ਇਹੋ ਜਿਹੀਆਂ ਗਿਣਤੀਆਂ ਗਿਣਦਾ ਸਭ ਕੁਛ ਲੀਤਾ ਬੱਧਾ ਓਥੇ ਹੀ ਛੋੜਕੇ ਭੂਮੀਆਂ ਟੁਰ ਗਿਆ ਤੇ ਆਪਣੇ ਸਿਆਣੇ ਰਸਤਿਓਂ ਕਿਸੇ ਚਾਤੁਰੀ ਨਾਲ ਮਲਕੜੇ ਨਿਕਲ ਗਿਆ।

3.

ਜਾਂ ਦਿਨ ਹੋਇਆ ਤਾਂ ਰਾਜੇ ਨੇ ਡਿੱਠਾ ਕਿ ਮੇਰੇ ਹੀਰੇ ਪੰਨੇ ਤੇ ਰਾਣੀ ਦੇ ਸਾਰੇ ਜਵਾਹਰਾਤ ਦੇ ਗਹਿਣੇ ਕੱਠੇ ਕੀਤੇ ਬੱਧੇ ਪਏ ਹਨ। ਖੁਹਲੇ, ਦੇਖੇ ਸਾਰੇ ਜਿਉਂ ਕੇ ਤਿਉਂ ਸਨ, ਪਰ ਇਹ ਪ੍ਰਤੱਖ ਦਿੱਸਦਾ ਸੀ ਕਿ ਕੋਈ ਚੋਰ ਆਇਆ ਹੈ ਤੇ ਉਹ ਸਭ ਕੁਛ ਲੈ ਚਲਿਆ ਸੀ, ਪਰ ਫੇਰ ਕਿਸੇ ਗੱਲੋਂ ਛੱਡਕੇ ਟੁਰ ਗਿਆ ਹੈ। {ਭਾਈ ਗੁਰਦਾਸ ਜੀ ਨੇ ਭੀ ਇਕ ਕਥਾ ਚੋਰ ਤੇ ਸ਼ਾਹ ਦੇ ਘਰ ਜਾਣ ਦੀ ਇਸੇ ਨਾਲ ਮਿਲਦੀ ਜੁਲਦੀ ਲਿਖੀ ਹੈ:

'ਚੋਰੁ ਗਿਆ ਘਰ ਸ਼ਾਹ ਦੇ ਘਰ ਅੰਦਰ ਵੜਿਆ।' (ਵਾਰ ਭਾਈ ਗੁਰਦਾਸ, 35/10) ਸੋ ਹੋ ਸਕਦਾ ਹੈ ਕਿ ਭਾਈ ਗੁਰਦਾਸ ਨੇ ਏਹੋ ਭੂਮੀਏ ਵਾਲੀ ਸਾਖੀ ਸੁਣਕੇ ਕਥਾ ਲਿਖੀ ਹੋਵੇ। ਅਗੋਂ ਗਿਆਨੀਆਂ ਦੇ ਜੋ ਯਾਦ ਹੋਈ ਇਹ ਕਥਾ ਕਿਸੇ ਆਮ ਚੋਰ ਬਾਬਤ ਸੋ ਭਾਈ ਗੁਰਦਾਸ ਦੀ ਵਾਰ ਤੋਂ ਲਈ ਹੋਵੇ ਜੋ ਓਹ ਲੂਣ ਖਾਕੇ ਬੁਰਾ ਨਾ ਕਰਨ ਦੇ ਵਿਸ਼ੇ ਵਿਚ ਵਰਤਦੇ ਹਨ।}

ਇਹ ਹੈਰਾਨੀ ਸੀ ਕਿ ਉਹ ਕਿਉਂ ਛੱਡ ਗਿਆ ਹੈ, ਪਰ ਨਾਲ ਹੀ ਰਾਜੇ ਨੂੰ ਗੁੱਸਾ ਸੀ ਕਿ ਮੇਰੇ ਮਹਿਲਾਂ ਤੱਕ ਚੋਰ ਅੱਪੜ ਕੀਕੂੰ ਗਿਆ ਤੇ ਧੁਰ ਅੰਤਹਪੁਰ ਵਿਚ ਵੜ ਕੀਕੂੰ ਗਿਆ। ਸੋ ਪਹਿਲੀ ਪੁੱਛ ਪਹਿਰੇਦਾਰਾਂ ਨੂੰ ਹੋਈ। ਉਹਨਾਂ ਤੋਂ ਪਤਾ ਲਗ ਗਿਆ ਕਿ ਰਾਜ ਕੁਮਾਰ ਦੇ ਭੇਸ ਵਿਚ ਇਕ ਆਦਮੀ ਅੰਦਰ ਗਿਆ ਹੈ ਰਾਤ ਨੂੰ। ਉਸ ਗੁੱਸੇ ਨਾਲ ਆਖਿਆ ਬੀ ਸੀ ਕਿ ਮੈਂ ਚੋਰ ਹਾਂ, ਪਰ ਨਵੇਂ ਪਹਿਰੇਦਾਰ ਨੇ ਰਾਜਕੁਮਾਰ ਸਮਝ ਕੇ ਉਸ ਨੂੰ ਲੰਘ ਜਾਣ ਦਿਤਾ। ਹੁਣ ਐਸੇ ਦਿਲਾਵਰ ਚੋਰ ਨੂੰ ਪਕੜਨ ਦੀ ਚਾਹ ਰਾਜੇ ਦੇ ਦਿਲ ਵਿਚ ਹੋਰ ਥਾਂ ਕਰ ਗਈ ਕਿ ਜੋ ਤਲੀ ਤੇ ਦੀਵਾ ਧਰਕੇ ਚੋਰੀ ਦਾ ਹੀਆ ਕਰ ਸਕਦਾ ਹੈ। ਸੋ ਹੁਕਮ ਹੋ ਗਿਆ ਤੇ ਕੋਤਵਾਲ ਅਰ ਉਸਦੇ ਸੇਵਕ ਲੱਗੇ ਲੱਭਣ। ਇਨ੍ਹਾਂ ਲੋਕਾਂ ਨੂੰ ਤਰਸ ਦਇਆ ਨਹੀਂ ਹੁੰਦੀ, ਇਨ੍ਹਾਂ ਲੋਕਾਂ ਦਾ ਪਾਪੀਆਂ ਨਾਲ ਵਾਹ ਪੈਕੇ ਏਹ ਹਰ ਕਿਸੇ ਨੂੰ ਮਾੜਾ ਸਮਝਣ ਲੱਗ ਜਾਂਦੇ ਹਨ, ਸੋ ਸ਼ੁਭੇ ਵਿਚ ਹੀ ਕਈ ਫੜੇ ਜਾਣ ਲੱਗ ਪਏ। ਕਈ ਦਿਨ ਬੀਤ ਗਏ, ਪਕੜ ਪਕੜਾਈ ਹੁੰਦੀ ਰਹੀ, ਕੋਈ ਪਤਾ ਨਾ ਲੱਗਾ ਤਾਂ ਮਾਰ ਕੁਟਾਈਆਂ ਟੁਰ ਪਈਆਂ। ਇਹ ਖ਼ਬਰ ਹੁਣ ਭੂਮੀਏ ਨੂੰ ਬੀ ਆ ਲੱਗੀ ਕਿ ਮੇਰੇ ਕੀਤੇ ਅਪਰਾਧ ਦੇ ਬਦਲੇ ਗ਼ਰੀਬ ਮਾਰ ਹੋ ਰਹੀ ਹੈ। ਬੇਗੁਨਾਹ ਫੜੇ ਜਾ ਰਹੇ ਹਨ, ਧਨ ਪੈਸੇ ਵਾਲੇ ਵੱਢੀਆਂ ਦੇ ਕੇ ਛੁੱਟ ਆਉਂਦੇ ਹਨ। ਪਰ ਗਰੀਬਾਂ ਦੀਆਂ ਪਈਆਂ ਖਲਾਂ ਉਧੜਦੀਆਂ ਹਨ। ਭੂਮੀਏਂ ਸੋਚਿਆ, ਸਤਿਗੁਰਾਂ ਦਾ ਤਾਂ ਮੈਨੂੰ ਹੁਕਮ ਸੀ ਕਿ ਗਰੀਬ ਮਾਰ ਨਹੀਂ ਕਰਨੀ, ਪਰ ਗ਼ਰੀਬ ਮਾਰ ਹੋ ਰਹੀ ਹੈ। ਭਾਵੇਂ ਮੈਂ ਤਾਂ ਗਰੀਬ ਮਾਰ ਨਹੀਂ ਕਰ ਰਿਹਾ, ਪਰ ਇਹ ਹੋ ਤਾਂ ਮੇਰੇ ਬਦਲੇ ਹੀ ਰਹੀ ਹੈ ਨਾ। ਕਰਾਂ ਮੈਂ ਤੇ ਭਰਨ ਗ਼ਰੀਬ, ਤਾਂ ਤੇ ਇਸ ਗ਼ਰੀਬ ਮਾਰ ਦਾ ਦੋਸ਼ ਮੇਰੇ ਮੱਥੇ ਹੈ। ਚੱਲ ਹੇ ਮਨ! ਹੁਣ ਮੌਤ ਕਿ ਬੰਦੀ ਜੋ

ਮਿਲੇ ਸੋ ਸਹਿ ਲੈ; ਪਰ ਗ਼ਰੀਬਾਂ ਨੂੰ ਛੁਡਾ ਦੇਹ ਤੇ ਸਤਿਗੁਰਾਂ ਦੀ ਮਿਹਰ ਨਾ ਗੁਆ। ਅੰਤ ਨੂੰ ਪਿਛਲੇ ਕੀਤਿਆਂ ਦਾ ਭੋਗ ਭੋਗਣਾ ਹੀ ਹੈ ਨਾ। ਇਹ ਵੀਚਾਰਕੇ ਭੂਮੀਆਂ ਬਣ ਠਣ ਕੇ ਰਾਜੇ ਦੇ ਦਰਬਾਰ ਪਾਸ ਚਲਾ ਗਿਆ ਤੇ ਅਚਾਨਕ ਮਿਲਣ ਦਾ ਦਾਉ ਤੱਕਦਾ ਰਿਹਾ। ਜਦ ਰਾਜਾ ਦਰਬਾਰੋਂ ਬਾਹਰ ਆਇਆ ਤਾਂ ਦਾਉ ਬਚਾ ਕੇ ਫੁਰਤੀ ਨਾਲ ਰਾਜੇ ਦੇ ਸਾਹਮਣੇ ਜਾ ਖੜੋਤਾ। ਹੱਥ ਬੰਨ੍ਹਕੇ ਅਰਜ਼ ਕੀਤੀਓਸੁ ਕਿ ਹੇ ਰਾਜਨ! ਤੇਰਾ ਚੋਰ ਮੈਂ ਹਾਂ, ਮੈਂ ਤੇਰਾ ਧਨ ਮਾਲ ਚੁਰਾਇਆ ਸੀ, ਪਰ ਫੇਰ ਓਥੇ ਹੀ ਛੱਡਕੇ ਟੁਰ ਆਇਆ ਸਾਂ। ਇਹ ਜੋ ਆਪ ਦੇ ਕੋਤਵਾਲ ਦੇ ਕਰਮਚਾਰੀ ਗ਼ਰੀਬਾਂ ਨੂੰ ਮਾਰ ਰਹੇ ਹਨ ਛੁਡਾ ਦੇਹ, ਜੋ ਓਹ ਸਭ ਬੇ-ਗੁਨਾਹ ਹਨ, ਗੁਨਾਹੀ ਮੈਂ ਹਾਂ, ਮੈਨੂੰ ਜੋ ਦੰਡ ਚਿਤ ਆਵੇ ਦਿਓ।

ਰਾਜਾ ਤੇ ਰਾਜੇ ਦੇ ਪਾਸ ਖੜੇ ਅਹਿਲਕਾਰ ਹੱਕੇ ਬੱਕੇ ਰਹਿ ਗਏ ਕਿ ਐਸਾ ਚੋਰ ਕਦੇ ਨਹੀਂ ਸੀ ਸੁਣਿਆਂ। ਕਿਸ ਦਲੇਰੀ ਤੇ ਹਿਕਮਤ ਨਾਲ ਚੋਰੀ ਕਰਦਾ ਹੈ, ਫਿਰ ਮਾਲ ਧਨ ਛੋੜ ਜਾਂਦਾ ਹੈ। ਫਿਰ ਚੋਰ ਹੋਕੇ ਕਿਤਨਾ ਤਰਸਵਾਨ ਹੈ ਕਿ ਗ਼ਰੀਬਾਂ ਦਾ ਦੁੱਖ ਦੇਖ ਨਹੀਂ ਸਕਦਾ, ਇਹ ਧਰਮੀ ਹੈ ਕਿ ਕੁਧਰਮੀ?

ਤਦ ਰਾਜੇ ਨੇ ਪੁੱਛਿਆ, "ਭਾਈ! ਤੂੰ ਇਤਨਾ ਮਾਲ ਪਦਾਰਥ ਲੈਕੇ ਛੱਡ ਕਿਉਂ ਗਿਆ? ਕੋਈ ਜਾਗ ਪਿਆ ਸੀ ਕਿ ਤੈਨੂੰ ਕੋਈ ਭੁਲੇਖਾ ਲੱਗਾ ਸੀ?"

ਭੂਮੀਆਂ— ਨਹੀਂ ਰਾਜਾ! ਸੱਚ ਇਹ ਹੈ ਕਿ ਮੈਨੂੰ ਕੋਈ ਨਹੀਂ ਸੀ ਫੜ ਸਕਦਾ ਤੇ ਮੈਨੂੰ ਡਰ ਬੀ ਕੋਈ ਨਹੀਂ ਸੀ ਪਰ ਮੈਨੂੰ ਗੁਰੂ ਮਿਲਿਆ ਹੈ ਜੋ ਅਕਾਸ਼ਾਂ ਵਿੱਚੋਂ ਉਤਰਿਆ ਹੈ। ਓਨ ਮੈਨੂੰ ਤ੍ਰੈ ਸੁਮੱਤਾਂ ਦਿਤੀਆਂ ਸਨ। ਉਹਨਾਂ ਵਿਚੋਂ ਇਕ ਇਹ ਸੀ ਕਿ ਲੂਣ ਖਾਕੇ ਬੁਰਾ ਨਹੀਂ ਕਰਨਾ। ਜਦ ਆਪ ਦਾ ਮਾਲ ਪਦਾਰਥ ਮੈਂ ਲੈਕੇ ਟੁਰਿਆ ਤਾਂ ਆਪ ਦਾ ਓਸੇ ਥਾਂ ਪਿਆ ਚੂਰਨ ਕਿਵੇਂ ਮੇਰੇ ਮੂੰਹ ਲੱਗ ਗਿਆ, ਸੋ ਰਾਜਾ! ਲੂਣ ਖਾਧਾ ਗਿਆ। ਹੁਣ ਮੈਂ ਕਿਵੇਂ ਬੁਰਿਆਈ ਕਰ ਸਕਦਾ ਸਾਂ। ਸੋ ਸਭ ਕੁਛ ਛੋੜਕੇ ਟੁਰ ਗਿਆ। ਰਾਜਾ ਇਹ ਸੁਣਕੇ ਹੋਰ ਅਚਰਜ ਹੋ ਗਿਆ ਕਿ ਹੈਂ ਇਹ ਚੋਰ ਹੈ ਦੁਰਾਚਾਰੀਆਂ ਕਰਨ ਵਾਲਾ! ਪਰ ਕੈਸਾ ਗੁਰੂ-ਆਗਜਾ ਦਾ ਪ੍ਰੇਮੀ ਹੈ ਕਿ ਅੱਖਰ ਅੱਖਰ ਦੀ ਸਿਖਜਾ ਪੂਰੀ ਕਰਦਾ ਹੈ। ਇਹ ਕੀਹ ਹੋਇਆ- ਸਰੇਸ਼ਟਾਚਾਰੀ ਕਿ ਦੁਰਾਚਾਰੀ? ਫੇਰ ਰਾਜੇ ਨੂੰ ਆਪਣੇ ਰਾਜ ਸ਼ਾਸਨ ਦੀ

ਗੱਲ ਫੁਰੀ, ਪੁੱਛਣ ਲੱਗਾ, ਓ ਨਿਡਰ ਆਦਮੀ! ਤੈਨੂੰ ਇਹ ਡਰ ਨਹੀਂ ਆ ਰਿਹਾ ਕਿ ਮੈਂ ਤੈਨੂੰ ਦੰਡ ਦੇ ਸਕਦਾ ਹਾਂ, ਕਿਵੇਂ ਸੱਚ ਸੱਚ ਬਿਨਾ ਮਾਰੇ ਕੁੱਟੇ ਆਪੇ ਮੇਰੇ ਦੁਆਰੇ ਆਕੇ ਦੱਸ ਰਿਹਾ ਹੈਂ?

ਭੂਮੀਆਂ— ਏਸ ਕਰਕੇ ਰਾਜਾ! ਕਿ ਮੈਂ ਆਪਣੇ ਸਤਿਗੁਰ ਨਾਲ ਨੇਮ ਕੀਤਾ ਹੈ ਕਿ ਕਦੇ ਝੂਠ ਨਹੀਂ ਬੋਲਾਂਗਾ। ਸੱਚ ਨਾਲ ਪਿਆਰ ਕਰਾਂਗਾ ਤੇ ਸੱਚ ਨੂੰ ਰਿਦੇ ਵਿਚ ਧਾਰਾਂਗਾ। ਇਸ ਲਈ ਮੈਂ ਸੱਚ ਬੋਲ ਰਿਹਾ ਹਾਂ।

ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ੍ਹੀ ਵਿਚਹੁ ਆਪੁ ਗਵਾਇਆ॥
ਜਿਨਿ ਸਚੋ ਸਚੁ ਬੁਝਾਇਆ॥
(ਵਾਰ ਆਸਾ ਮਹਲਾ ੧, ਪੰਨਾ ੪੬੫)

ਰਾਜਾ (ਹੋਰ ਸੋਚ ਵਿਚ ਪੈਕੇ)— ਤੂੰ ਪਕੜਿਆ ਨਹੀਂ ਗਿਆ, ਆਪੇ ਕਿਉਂ ਆ ਗਿਆ ਹੈਂ ਰਾਜ ਦੰਡ ਨੂੰ ਆਪਣੇ ਉਤੇ ਲੈਣ ਵਾਸਤੇ?

ਭੂਮੀਆਂ— ਹੇ ਰਾਜਨ! ਮੈਂ ਬੇਨਤੀ ਕਰ ਚੁਕਾ ਹਾਂ ਕਿ ਮੇਰਾ ਸਤਿਗੁਰ ਨਾਲ ਬਚਨ ਹੈ ਕਿ ਗ਼ਰੀਬ ਮਾਰ ਨਹੀਂ ਕਰਾਂਗਾ ਤੇ ਹੁਣ ਆਪ ਦੇ ਕਰਮਚਾਰੀ ਗ਼ਰੀਬਾਂ ਨੂੰ ਮਾਰ ਕੁੱਟ ਰਹੇ ਹਨ ਤੇ ਇਸ ਦਾ ਕਾਰਨ ਮੈਂ ਹਾਂ। ਇਸ ਕਰਕੇ ਮੈਂ ਆਇਆ ਹਾਂ ਕਿ ਕਰਾਂ ਮੈਂ ਤੇ ਭਰਨ ਗ਼ਰੀਬ! ਇਹ ਕਿਉਂ? ਨਹੀਂ, ਕਰੇ ਭੂਮੀਆਂ ਤੇ ਭਰੇ ਬੀ ਭੂਮੀਆਂ।

ਰਾਜਾ ਹੋਰ ਅਚੰਭਾ ਹੋਕੇ— ਹੈਂ, ਓਇ ਤੂੰ ਭੂਮੀਆਂ ਹੈਂ? ਤੂੰ ਤਾਂ ਸਾਡਾ ਇਕ ਵੱਡਾ ਜ਼ਿਮੀਂਦਾਰ ਹੈਂ! ਤੂੰ ਬੜਾ ਦਾਨੀ ਪ੍ਰਸਿੱਧ ਹੈਂ, ਸਾਧ ਸੇਵੀ ਹੈਂ, ਤੂੰ ਚੋਰ! ਤੂੰ ਤਾਂ ਅਸਾਂ ਧਰਮੀ ਜਾਣਿਆਂ ਹੋਇਆ ਸੈਂ?

ਭੂਮੀਆਂ— ਠੀਕ ਹੈ ਜੀਉ! ਮੈਂ ਬੀ ਆਪਣੇ ਆਪ ਨੂੰ ਧਰਮੀ ਸਮਝਦਾ ਸਾਂ। ਜੋ ਮੈਂ ਚੋਰੀ ਕਰਕੇ ਧਾੜਾ ਮਾਰਕੇ ਧਨ ਲਿਆਉਂਦਾ ਸਾਂ ਸੋ ਮੈਂ ਪਰਸੁਆਰਥ ਤੇ ਸਾਧ ਸੇਵਾ ਤੇ ਲਾਉਂਦਾ ਸਾਂ। ਸਮਝਦਾ ਸਾਂ ਕਿ ਮੈਂ ਪੁੰਨੀ ਹਾਂ, ਦਾਨ ਜੁ ਕਰਦਾ ਹਾਂ, ਪਰ ਵੇਖ ਰਾਜਾ! ਇਕ ਦਿਨ ਆ ਗਿਆ ਉਹ ਸੰਤ, ਸੰਤ ਕਿ ਆਪ ਰੱਬ ਦੀ ਜੋਤਿ, ਉਨੇ ਮੇਰੇ ਨੈਣ ਖੋਹਲੇ। ਉਹ ਆਖੇ ਤੇਰੇ ਘਰ ਦਾ ਅੰਨ ਨਹੀਂ ਖਾਣਾ, ਤੇਰਾ ਅੰਨ ਪਾਪ ਦੀ ਕਮਾਈ ਦਾ ਹੈ। ਮੈਂ ਪੁੰਨੀ ਬਣ ਬਣ ਬਹਾਂ, ਉਹ ਆਖੇ ਨਹੀਂ ਤੇਰੀ ਕਮਾਈ ਪਾਪਾਂ ਭਰੀ ਹੈ,

ਜਿਸ ਵਿਚ ਲੋਕਾਂ ਦਾ ਦੁੱਖ, ਕਸ਼ਟ ਤੇ ਪੀੜਾ ਭਰੀ ਪਈ ਹੈ। ਲੈ ਰਾਜਾ! ਮੈਂ ਮੰਨ ਗਿਆ ਪਰ ਮੈਂ ਕਿਹਾ ਮੇਰਾ ਸੁਭਾਉ ਹੋ ਚੁਕਾ ਹੈ ਇਸ ਕੰਮ ਦਾ, ਉਹ ਛੁੱਟਣ ਨਹੀਂ ਲੱਗਾ। ਤਾਂ ਉਸ ਦਾਤੇ ਨੇ ਮੈਥੋਂ ਤ੍ਰੈ ਪ੍ਰਣ ਲਏ ਜੋ ਮੈਂ ਦੱਸੇ ਹਨ। ਉਹਨਾਂ ਨੇ ਮੈਨੂੰ ਆਖਿਆ ਜੇ ਮਿਹਰ ਦਾ ਲੋੜਵੰਦ ਹੈਂ ਤਾਂ ਏਨ੍ਹਾਂ ਤੇ ਤਨੋਂ ਮਨੋਂ ਅਮਲ ਕਰ! ਜਦ ਉਹ ਟੁਰ ਗਏ ਮੈਂ ਉਹਨਾਂ ਦੇ ਤਿੰਨਾਂ ਹੀ ਹੁਕਮਾਂ ਤੇ ਅਮਲ ਕਰਨ ਲਗਾ। ਹੁਣ ਮੈਂ ਜਦ ਚੋਰੀ ਕਰਨ ਕਿ ਡਾਕੇ ਮਾਰਨ ਵਿਚ ਜਾਵਾਂ ਤਾਂ ਮੈਂ ਕਈ ਵੇਰ ਦੁਖੀ ਹੋ ਜਾਵਾਂ ਲੁਟੀਂਦਿਆਂ ਦਾ ਦੁੱਖ ਦੇਖਕੇ। ਅੱਗੇ ਤਾਂ ਮੈਂ ਦੁੱਖ ਦੇਕੇ ਦੁਖੀ ਨਹੀਂ ਸਾਂ ਹੁੰਦਾ, ਜਿਵੇਂ ਸ਼ਿਕਾਰੀ ਮਰਦੇ ਪਸ਼ੂ ਪੰਖੀਆਂ ਦੀ ਤੜਫਣੀਂ ਵੇਖਕੇ ਉਦਾਸੀ ਨਹੀਂ ਖਾਂਦੇ ਤਿਵੇਂ ਮੈਂ ਬੀ ਇਨਸਾਨਾਂ ਦੀ ਤੜਫਣੀ ਵਿਲਕਣੀ ਉੱਤੇ ਨਾ ਪਸੀਜਣ ਨੂੰ ਬਹਾਦਰੀ ਸਮਝਦਾ ਸਾਂ। ਪਰ ਹੁਣ ਗੁਰੂ ਕੀ ਦੱਸੀ ਦਇਆ ਉਪਜਣ ਲਗ ਪਈ, ਨਾਲੇ ਉਹਨਾਂ ਕਿਹਾ ਸੀ ਕਿ ਇਹ ਕਿੱਤਾ ਛੱਡ ਦੇਹ ਮਾੜਾ ਹੈ, ਪਰ ਮੈਥੋਂ ਛੁੱਟੇ ਨਾਂਹ। ਪਰ ਜਦ ਹੁਣ ਜੇ ਕਿਸੇ ਨੂੰ ਖੋਹਾਂ ਤਾਂ ਦਇਆ ਉਪਜੇ, ਮੈਂ ਚਾਹਾਂ ਕਿ ਮੈਂ ਗ਼ਰੀਬ ਨੂੰ ਛੱਡਾਂ ਤੇ ਅਮੀਰਾਂ ਨੂੰ ਲੁੱਟਾਂ, ਪਰ ਕਈ ਵੇਰ ਪਤਾ ਨਾ ਲੱਗੇ ਕਿ ਅਮੀਰ ਹੈ ਕਿ ਗਰੀਬ। ਸੋ ਮੈਨੂੰ ਫਿਕਰ ਪਿਆ ਕਿ ਇਸ ਕੰਮ ਵਿਚ ਅਣਜਾਣੇ ਗ਼ਰੀਬ ਮਾਰ ਹੋ ਜਾਂਦੀ ਹੈ। ਇਸ ਕਰਕੇ ਮੈਂ ਕਿਹਾ ਕਿਸੇ ਰਾਜੇ ਦਾ ਘਰ ਭੰਨਕੇ ਵਰ੍ਹਾ ਦੋ ਵਰ੍ਹੇ ਆਰਾਮ ਕਰਾਂ ਤੇ ਨਿਰਸੰਸੇ ਹੋ ਜਾਵਾਂ ਕਿ ਗ਼ਰੀਬ ਮਾਰ ਮੈਂ ਨਹੀਂ ਕਰ ਰਿਹਾ। ਇਉਂ ਕਰਕੇ ਰਾਜਾ! ਤੇਰੇ ਘਰ ਚੋਰੀ ਕਰਨ ਲਈ ਆਇਆ ਸਾਂ, ਇਸੇ ਗ਼ਰੀਬ ਮਾਰ ਨਾ ਕਰਨ ਨੇ ਹੁਣ ਤੇਰੇ ਸਾਹਮਣੇ ਲਿਆ ਖੜਾ ਕੀਤਾ ਹੈ।

ਦੂਜੇ ਉਪਦੇਸ਼ 'ਲੂਣ ਖਾਕੇ ਬੁਰਾ ਨਹੀਂ ਕਰਨਾ' ਨੇ ਮੈਥੋਂ ਤੇਰੀ ਚੋਰੀ ਕੀਤੀ ਦੌਲਤ ਛੁਟਵਾਈ ਸੀ। ਇਸ ਨੇ ਸਾਕਾਂ ਮਿਤ੍ਰਾਂ ਤੇ ਜਿਨ੍ਹਾਂ ਦਾ ਕਦੇ ਬੀ ਕੁਛ ਖਾਧਾ ਸੀ, ਉਹਨਾਂ ਦੇ ਬੁਰੇ ਕਰਨੋਂ ਰੋਕ ਲਿਆ। ਤੀਸਰੇ ਇਸ ਪ੍ਰਣ ਨੇ ਕਿ ਸਦਾ ਸੱਚ ਬੋਲਾਂਗਾ, ਆਪ ਦੇ ਸਾਹਮਣੇ ਸਭ ਕੁਛ ਠੀਕ ਠੀਕ ਦੱਸ ਦੇਣ ਲਈ ਆਖਿਆ ਹੈ, ਹੁਣ ਜੋ ਜੀ ਕਰੇ ਕਰੋ; ਮੈਂ ਭੋਗਣ ਲਈ ਤਿਆਰ ਹਾਂ। ਰਾਜਾ ਸੁਣਕੇ ਹੋਰ ਹਰਿਆਨ ਹੋਇਆ। ਸੋਚੇ ਕਿ ਇਸ ਦਾ ਗੁਰੂ ਕੋਈ ਅਚਰਜ ਅਕਲ ਦਾ ਕੋਟ ਹੈ ਕਿ ਕਿਸ ਤਰ੍ਹਾਂ ਇਸ ਤੋਂ ਪਾਪ ਕਰਮ ਛੁਡਵਾਏ ਸੁ। ਝੂੱਸ ਬੁਰਾ ਹੁੰਦਾ ਹੈ, ਪਰ ਇਹ ਕੀਕੂੰ ਉਸ

ਘੇਰੇ ਵਿਚ ਆ ਗਿਆ ਹੈ ਕਿ ਸਾਰਾ ਝੱਸ ਚੋਰੀ ਡਾਕੇ ਦਾ ਇਸ ਦਾ ਆਪੇ ਛੁਟ ਜਾਏ। ਪਰ ਹਾਂ, ਉਹ ਗੁਰੂ ਨਿਰਾ ਅਕਲ ਦਾ ਕੋਟ ਨਹੀਂ, ਜ਼ਰੂਰ ਤੇਜ ਵਾਲਾ ਹੈ, ਸਤਜਾ ਵਾਲਾ ਹੈ ਕਿ ਜਿਸ ਦੇ ਆਖੇ ਦਾ ਐਡਾ ਡੂੰਘਾ ਅਸਰ ਡਾਕੂਆਂ ਅਤੇ ਚੋਰਾਂ ਤੇ ਹੁੰਦਾ ਹੈ। ਐਸੇ ਗੁਰੂ ਦੇ ਦਰਸ਼ਨ ਕਰਨੇ ਚਾਹੀਏ। ਤਾਂ ਰਾਜਾ ਫੇਰ ਖੁਸ਼ੀ ਨਾਲ ਮੁਸਕ੍ਰਾਇਆ ਤੇ ਕਹਿਣ ਲੱਗਾ- ਤੇਰਾ ਗੁਰੂ ਕਿੱਥੇ ਹੈ?

ਭੂਮੀਏ ਕਿਹਾ— ਓਹ ਆਪਣੇ ਰੰਗ ਚਲੇ ਗਏ ਪਤਾ ਨਹੀਂ ਕਿਧਰ?

ਰਾਜਾ— ਉਸ ਦਾ ਨਾਉਂ ਕੀ ਹੈ?

ਭੂਮੀਆਂ— ਮੈਂ ਤਾਂ ਨਾਮ ਪੁੱਛ ਨਹੀਂ ਸਕਿਆ ਪਰ ਲੋਕਾਂ ਮੈਨੂੰ ਪਿੱਛੋਂ ਦੱਸਿਆ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਸੀਗੇ ਜੋ ਲਾਹੌਰ ਦੇ ਦੇਸ਼ ਤੋਂ ਆਏ ਸੀ।

ਰਾਜਾ (ਕੰਬਕੇ)— ਹੈਂ! ਓਹੋ ਜਿਸ ਨੂਰਸ਼ਾਹ ਨੂੰ ਸੁਆਰਿਆ ਹੈ?

ਵਜ਼ੀਰ— ਹਾਂ ਰਾਜਨ! ਓਹੋ ਹੈ ਗੁਰੂ ਨਾਨਕ! ਇਧਰ ਦੀ ਲੰਘ ਗਏ ਸੁਣੇ ਹਨ।

ਰਾਜਾ (ਜੀ ਵਿਚ)— ਸ਼ੋਕ! ਐਸੇ ਮਹਾਂ ਜਜੋਤੀ ਦੇ ਦਰਸ਼ਨ ਨਾ ਹੋਏ।

(ਭੂਮੀਏ ਨੂੰ) ਸੁਣ ਭਾਈ! ਤੂੰ ਆਪਣੇ ਮੂੰਹੋਂ ਅਜ ਆਪਣੇ ਪਾਪਾਂ ਨੂੰ ਮੰਨਿਆ ਹੈ, ਮੈਨੂੰ ਚਾਹੀਦਾ ਹੈ ਕਿ ਤੈਨੂੰ ਦੰਡ ਦੇਵਾਂ, ਪਰ ਦੰਡ ਦੇਣ ਨਾਲ ਤੂੰ ਕੈਦ ਵਿਚ ਜਾਕੇ ਤੰਗ ਪਵੇਂਗਾ, ਓਥੇ ਹੋਰ ਤੇਰੇ ਵਰਗੇ ਤੈਨੂੰ ਮਿਲਣਗੇ। ਮੈਨੂੰ ਡਰ ਹੈ ਕਿ ਤੂੰ ਓਥੇ ਉਹਨਾਂ ਦੇ ਕੁਸੰਗ ਨਾਲ ਮੁੜ ਪਾਪਾਂ ਵਿਚ ਪੈ ਜਾਏਂਗਾ। ਜੇ ਮੈਂ ਤੈਨੂੰ ਛੱਡਦਾ ਹਾਂ ਤਾਂ ਮੇਰਾ ਨਿਆਂ ਪੂਰਾ ਨਹੀਂ ਹੁੰਦਾ। ਪਰ ਅਸਲ ਨਿਆਂ ਹੈ ਪਾਪੀਆਂ ਨੂੰ ਸੁਧਾਰ ਦੇਣਾ, ਮੈਨੂੰ ਜਾਪਦਾ ਹੈ ਕਿ ਮੈਥੋਂ ਵੱਡਾ ਬ੍ਰਹਮ ਲੋਕ ਦਾ ਰਾਜਾ, ਤੈਨੂੰ ਦੰਡ ਬੀ ਦੇ ਗਿਆ ਹੈ ਤੇ ਸੁਧਾਰ ਬੀ ਗਿਆ ਹੈ। ਤੂੰ ਜੋ ਪੁੰਨੀ ਮਸ਼ਹੂਰ ਸੈਂ ਅੱਜ ਪਾਪੀ ਪ੍ਰਸਿਧ ਹੋ ਗਿਆ ਹੈਂ। ਜਸ ਜੀਵਨ ਅਪਜਸ ਮਰਨ। ਅਪਜਸ ਦੀ ਮੌਤ ਦਾ ਤੈਨੂੰ ਦੰਡ ਆਪੇ ਮਿਲ ਗਿਆ ਹੈ। ਬਾਕੀ ਉਹ ਤੈਨੂੰ ਸੁਧਾਰ ਦੇ ਰਸਤੇ ਐਸਾ ਪਾ ਗਿਆ ਹੈ ਕਿ ਤੂੰ ਆਪੇ ਸੁਧਰ ਜਾਣਾ ਹੈ, ਖ਼ਬਰੇ ਸੁਧਰ ਹੀ ਗਿਆ ਹੈਂ। ਚੋਰੀ ਹੁਣ ਤੂੰ ਕਰ ਨਹੀਂ ਸਕਦਾ, ਧਾੜਾ ਮਾਰ ਨਹੀਂ ਸਕਦਾ, ਕਿਉਂਕਿ ਇਸ ਵਿਚ ਗ਼ਰੀਬ ਮਾਰ ਹੁੰਦੀ ਹੈ। ਅਮੀਰਾਂ ਤੇ ਰਾਜਿਆਂ ਨੂੰ ਤੂੰ ਲੁੱਟ ਨਹੀਂ

ਸਕਦਾ ਜੋ ਜਦ ਸੁਬਹ ਹੋਏ ਸਭ ਤੋਂ ਪਹਿਲੋਂ ਤੈਨੂੰ ਪੁੱਛ ਹੋਣੀ ਹੈ ਤੇ ਤੂੰ ਸੱਚ ਬੋਲਣਾ ਹੈ, ਇਉਂ ਤੂੰ ਆਪੇ ਹੀ ਪਕੜੇ ਜਾਣਾ ਹੈ; ਸੋ ਤੇਰੇ ਲਈ ਚੋਰੀ ਧਾੜਾ ਕਰ ਸਕਣਾ ਕਠਨ ਹੋ ਗਿਆ। ਤੇਰੇ ਸੱਚੇ ਵੈਦ ਨੇ ਐਸਾ ਦਾਰੂ ਤੈਨੂੰ ਦਿੱਤਾ ਹੈ ਕਿ ਤੂੰ ਹੁਣ ਆਪੇ ਸਾਧ ਬਣ ਜਾਏਂਗਾ, ਪਰ ਸ਼ਾਬਾਸ਼ੇ ਤੇਰੇ ਕਿ ਤੂੰ ਹੁਕਮ ਤੇ ਪਹਿਰਾ ਦਿੱਤਾ ਹੈ ਤੇ ਜਿੰਦ ਖ਼ਤਰੇ ਵਿਚ ਪਾਕੇ ਬੀ ਤੂੰ ਹੁਕਮ ਪਾਲਿਆ ਹੈ। ਸੋ ਜਦ ਮੈਂ ਦੇਖਦਾ ਹਾਂ ਕਿ ਤੂੰ ਹੁਣ ਭਲਾ ਹੋ ਚਲਿਆ ਹੈਂ ਤੇ ਨਾਲੇ ਤੇਰੇ ਵਿਚ ਬਲ ਹੈ; ਸਾਹਸ ਹੈ, ਸਤਜਾ ਹੈ; ਅਣਖ ਹੈ, ਸੱਚ ਉਤੇ ਪਹਿਰਾ ਦੇਣ ਦਾ ਹੀਆ ਹੈ ਤੇ ਹੁਣ ਇਨ੍ਹਾਂ ਗੁਣਾਂ ਨਾਲ ਤੂੰ ਇਤਨਾ ਭਲਾ ਹੋ ਜਾਣਾ ਹੈ ਕਿ ਮਹਾਤਮਾ ਤੇਰੇ ਦਰਸ਼ਨਾਂ ਨੂੰ ਆਯਾ ਕਰਨਗੇ, ਸੋ ਮੈਂ ਖਿਮਾ ਕਰਦਾ ਹਾਂ ਤੇ ਤੈਨੂੰ ਛੱਡਦਾ ਹਾਂ। ਪਰ ਮੇਰੀ ਅੱਖ ਤੇਰੇ ਤੇ ਰਹੇਗੀ, ਇਹ ਦੇਖਣ ਲਈ ਕਿ ਤੂੰ ਗੁਰੂ ਦੇ ਦੱਸੇ ਰਾਹ ਤੇ ਤੁਰ ਰਿਹਾ ਹੈਂ ਤੇ ਪਰਜਾ ਨੂੰ ਦੁਖਾ ਤਾਂ ਨਹੀਂ ਰਿਹਾ।

4.

ਕੁਛ ਸਮਾਂ ਲੰਘ ਗਿਆ, ਭੂਮੀਆਂ ਸੱਚ ਮੁਚ ਸੰਤ ਹੋ ਗਿਆ। ਪਾਪ ਕਰਮ ਉਸ ਦੇ ਸਾਰੇ ਛੁੱਟ ਗਏ। ਦਇਆ ਵਾਲੇ ਪੁੰਨ ਦਾਨ ਉਸ ਵਿਚ ਵੱਸ ਗਏ। ਸੱਚ ਟਿਕ ਗਿਆ ਉਸ ਦੇ ਅੰਦਰ, ਜਿਸ ਨੇ ਸਾਰੇ ਪਾਪ ਧੋ ਕੱਢੇ। ਨਾਮ ਨੇ ਅੰਦਰ ਸਵੱਛ ਕਰ ਦਿਤਾ ਬਰੀਕ ਮੈਲਾਂ ਤੋਂ ਤੇ ਪਿਛਲੇ ਕਰਮਾਂ ਦੀ ਕਾਈ ਤੋਂ। ਨਾਮ ਨੇ ਬਲ ਭਰ ਦਿਤਾ ਨੇਕੀ ਦਾ, ਹਾਂ, ਨਾਮ ਨੇ ਰਸ ਲਾ ਦਿਤਾ ਆਤਮ ਰਸ। ਭੂਮੀਏ ਦੇ ਹੁਣ ਦੇ ਹਾਲ ਸੁਣ ਸੁਣਕੇ ਰਾਜੇ ਨੂੰ ਪ੍ਰਤੀਤ ਹੋ ਆਈ ਕਿ ਇਹ ਪੂਰਨ ਸੰਤ ਹੋ ਗਿਆ ਹੈ ਤਾਂ ਉਸ ਨੇ ਭੂਮੀਏ ਨੂੰ ਸਦ ਕੇ ਕਿਹਾ, ਮੈਂ ਤੈਨੂੰ ਗੁਰੂ ਧਾਰਨ ਕਰਦਾ ਹਾਂ ਤੂੰ ਮੈਨੂੰ ਦੀਖਯਾ ਦੇਹ। ਤਾਂ ਭੂਮੀਏਂ ਆਖਿਆ— ਰਾਜਾ! ਮੈਂ ਤਾਂ ਅਜੇ ਸਿਖ ਬੀ ਨਹੀਂ ਹਾਂ, ਗੁਰੂ ਤਾਂ ਉਹ ਆਪ ਹੈ, ਜਿਸ ਨੇ ਮੇਰੇ ਜਿਹੇ ਪਾਪੀ ਨੂੰ ਪਾਪ ਵਿਚੋਂ ਕੱਢਕੇ ਮਿਹਰ ਵਿਚ ਪੁਚਾ ਦਿਤਾ। ਰਾਜਾ! ਮਿਹਰ ਹਈ ਨਾਮ ਰਸ ਵਿਚ ਪਹੁੰਚ ਪੈਣਾ, ਮੈਨੂੰ ਸੋਝੀ ਆਈਏ ਹੁਣ, ਮਿਹਰ ਹੈ-ਨਾਮ ਰਸ, ਨਾਮ ਰਸ। ਹਾਂ ਜੇ ਤੂੰ ਚਾਹੁੰਦਾ ਹੈਂ ਤਾਂ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਧਾਰਨ ਕਰ। ਰਾਜੇ ਨੇ ਕਿਹਾ— ਉਹ ਕਿੱਥੇ ਹਨ? ਤਾਂ ਭੂਮੀਏ ਨੇ ਕਿਹਾ ਕਿ ਉਹ ਤਾਂ ਦੂਰ ਚਲੇ ਗਏ ਹਨ ਪਰ ਓਹ ਜਾਨਣਹਾਰ ਹਨ। ਪ੍ਰੇਮ

ਦੀ ਆਵਾਜ਼ ਦੂਰ ਤੋਂ ਸੁਣਦੇ ਹਨ ਤੇ ਪ੍ਰੇਮ ਭਾਉ ਕਰਕੇ ਪ੍ਰਗਟ ਹੋ ਜਾਂਦੇ ਹਨ। ਤੂੰ ਧਰਮਸਾਲ ਬਣਾਉ ਜਿੱਥੇ ਕੀਰਤਨ ਹੋਵੇ ਤੇ ਆਪ ਬੀ ਆਕੇ ਸੁਣਿਆ ਕਰ। ਕੀਰਤਨ, ਰਾਜਾ! ਉਸ ਗੁਰੂ ਦੀ ਬਾਣੀ ਦਾ ਹੋਵੇ, ਜੋ ਮੇਰੇ ਡੇਰੇ ਦੇ ਕੁਛ ਸੱਜਣ ਹੁਣ ਕਰਦੇ ਹਨ। ਗੁਰੂ ਜੀ ਤਾਂ ਤਦੋਂ ਚਲੇ ਗਏ ਸਨ; ਪਰ ਮੇਰੇ ਸੇਵਕ ਨੂਰ ਸ਼ਾਹ ਤੋਂ ਜਾ ਕੇ ਗੁਰੂ ਜੀ ਦੀ ਬਾਣੀ ਕੁਛ ਲਿਖਕੇ ਲੈ ਆਏ ਹਨ, ਉਸ ਦਾ ਅਸੀਂ ਕੀਰਤਨ ਕਰਦੇ ਹਾਂ। ਸੋ ਜੇ ਸ਼ਰਧਾ ਹੋ ਆਈ ਹੈ, ਹੇ ਰਾਜਾ! ਤਾਂ ਧਰਮਸਾਲ ਪੁਆਓ ਤੇ ਇਹ ਕਾਰਜ ਕਰੋ, ਮੇਰੇ ਘਰ ਹੁਣ ਉਹ ਸਦਾਬ੍ਰਤ ਨਹੀਂ ਰਿਹਾ, ਪਰ ਹਾਂ ਲੰਗਰ ਗੁਰੂ ਕਾ ਹੁੰਦਾ ਹੈ-ਜਿਤਨਾ ਮੇਰਾ ਵਿਤ ਹੈ ਉਸ ਮੂਜਬ, ਜੋ ਧਰਮ ਨਾਲ ਆਉਂਦਾ ਹੈ ਮੈਂ ਵੰਡ ਛਕਦਾ ਹਾਂ। ਤਾਂ ਰਾਜੇ ਨੇ ਧਰਮਸਾਲ ਪੁਆਈ, ਧਰਮਸਾਲ ਨਾਲ ਲੰਗਰ ਲਾ ਦਿਤਾ ਗੁਰੂ ਨਾਨਕ ਦੇ ਨਾਮ ਦਾ। ਜੋ ਕੋਈ ਆਵੇ ਅਤਿੱਥੀ, ਪਰਦੇਸੀ, ਲੋੜਵੰਦ, ਸਾਧ, ਸੰਤ ਓਥੇ ਪ੍ਰਸ਼ਾਦ ਛਕੇ। ਤੀਸਰੇ ਪਹਿਰ ਓਥੇ ਕੀਰਤਨ ਹੋਵੇ। ਭੂਮੀਏਂ ਦੇ ਸੇਵਕ, ਜੋ ਹੁਣ ਗੁਰੂ ਕੇ ਸਿਖ ਸਦਾਉਂਦੇ ਸੇ, ਕੀਰਤਨ ਕਰਿਆ ਕਰਨ। ਦੂਰੋਂ ਨੇੜਿਓਂ ਬੀ ਸਿਖ ਕਦੇ ਕਦੇ ਆ ਜੁੜਦੇ ਸਨ। ਰਾਜਾ ਆਪ ਕੀਰਤਨ ਸੁਣਨ ਆਇਆ ਕਰੇ। ਹੋਰ ਕਈਆਂ ਨੂੰ ਬੀ ਪ੍ਰੇਮ ਹੋ ਆਇਆ।

ਭੂਮੀਏ ਤੇ ਰਾਜੇ ਦੀ ਇੰਨੀ ਨਿਸ਼ਾ ਹੋਈ ਕਿ ਉਸ ਨੂੰ ਆਪਣੇ ਵਜ਼ੀਰਾਂ ਵਿਚ ਥਾਉਂ ਦੇ ਦਿਤੀਓਸੁ ਕਿ ਜੋ ਸੱਚਾ, ਭਲਾ ਹੈ, ਦਇਆਵਾਨ ਹੈ ਤੇ ਮਨ ਵਿਚ ਬਲ ਰਖਦਾ ਹੈ ਨੇਕੀ ਦਾ ਤੇ ਭਾਉ ਰਖਦਾ ਹੈ ਰੱਬ ਦਾ, ਇਹ ਰਾਜ ਦੇ ਕੰਮ ਧਰਮ ਨਾਲ ਨਿਬਾਹੇਗਾ। ਆਪ ਰਾਜਾ ਹੁਣ ਏਸ ਅਰਦਾਸ ਵਿਚ ਰਿਹਾ ਕਰੇ ਕਿ ਕਦੇ ਹੇ ਗੁਰੂ ਨਾਨਕ ਤੇਰੇ ਦੀਦਾਰ ਹੋਣ ਤੇ ਮੈਂ ਬੀ ਦਰਸ਼ਨ ਕਰਾਂ ਤੇ ਮਨ ਦੀਆਂ ਮੁਰਾਦਾਂ ਪ੍ਰਾਪਤ ਕਰਾਂ। ਭੂਮੀਆਂ ਜੋ ਭੂਮੀ ਦਾ ਭਾਰ ਤੇ ਪਾਪ ਦਾ ਮੋਢੀਵਾਲ ਸੀ ਹੁਣ ਪਿਆਰ, ਧਰਮ, ਨੇਕੀ ਤੇ ਸੱਚੇ ਨਾਮ ਦਾ ਪ੍ਰਚਾਰ ਕਰਨ ਵਾਲਾ ਹੋ ਗਿਆ। ਥੋਹਰ ਦਾ ਪੇੜ ਮਲਜਾਗਰ ਦਾ ਚੰਦਨ ਬਣ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ

ਕਲੀਆਂ ਦੀ ਸੁਗੰਧਿ ਸਦੱਕੜੇ!

ਅੱਜ ਨਸੀਮ ਜਦੋਂ ਕਲੀਆਂ ਨੂੰ ਆ ਕੇ ਗੱਲ ਸੁਣਾਈ:-
'ਗੁਰ ਨਾਨਕ ਪ੍ਰੀਤਮ ਕਲ ਆਸਣ ਪੱਕੀ ਏਹ ਅਵਾਈ'।
ਸੁਣ ਕਲੀਆਂ ਭਰ ਚਾਉ ਆਖਿਆ:-'ਸਹੀਓ ਅੱਜ ਨ ਖਿੜਨਾ;
'ਕਲ ਪ੍ਰੀਤਮ ਦੇ ਆਯਾਂ ਕੱਠੀ ਦੇਈਏ ਮੁਸ਼ਕ ਲੁਟਾਈ।'

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ

ਨੁਛਾਵਰ ਤ੍ਰੇਲ

ਪੌਣ-ਲੁਕੇ ਪਾਣੀ ਨੇ ਸਹੀਓ! ਜਾਂ ਇਹ ਗਲ ਸੁਣ ਪਾਈ,
'ਗੁਰ ਨਾਨਕ ਪ੍ਰੀਤਮ ਕਲ ਆਸਣ ਪਜਾਰ ਛਹਿਬਰਾ ਲਾਈ।'
ਪੌਣ ਕੁੱਛੜੋਂ ਤਿਲਕ ਰਾਤ ਨੂੰ ਸ਼ਬਨਮ ਰੂਪ ਬਣਾਕੇ
ਵਿਛ ਗਜਾ, ਸਾਰਾ ਧਰਤੀ ਉੱਤੇ, ਚਰਨ ਧੂੜ ਮੁਖ ਲਾਈਂ।

ਸੂਚਨਾ: ਕਲਿਜੁਗ ਦੀ ਸਾਖੀ

ਕਾਮਰੂਪ ਇਲਾਕੇ ਤੋਂ ਚੱਲਕੇ ਜਿਸ ਇਲਾਕੇ ਗਏ ਓਥੇ ਇਕ ਮਹਾਨ ਬਨ ਵਿਚ ਗੁਰੂ ਬਾਬੇ ਦਾ ਜਾਣਾ ਲਿਖਿਆ ਹੈ। ਇਸ ਭਿਆਨਕ ਬਨ ਵਿਚ ਕਲਿਜੁਗ ਦਾ ਹਾਜ਼ਰ ਹੋਣਾ ਲਿਖਿਆ ਹੈ। ਜਗਤ ਦੇ ਲੱਗ ਭਗ ਸਾਰੇ ਅਵਤਾਰਾਂ ਨਾਲ ਸ਼ੈਤਾਨ ਅਥਵਾ ਮਾਯਾ ਆਦਿਕਾਂ ਦਾ ਆਕੇ ਉਹਨਾਂ ਨੂੰ ਡੋਗਣ ਦਾ ਜਤਨ ਕਰਨਾ ਦੱਸਿਆ ਹੈ। ਕਲਿਜੁਗ ਬੀ ਉਸੀ ਤਰ੍ਹਾਂ ਕੋਈ ਪਰਤਾਵਾ ਹੋਇਆ, ਜੋ ਗੁਰੂ ਬਾਬੇ ਨੂੰ ਹਿਲਾ ਨਹੀਂ ਸਕਿਆ। 'ਕਲਿਜੁਗ ਕੋਈ ਸ਼ੈਤਾਨ ਵਾਂਙੂ ਪੱਕਾ ਤੇ ਰੱਬ ਦਾ ਸ਼ਰੀਕ ਵਜੂਦ ਹੈ' ਇਹ ਗੱਲ ਗੁਰੂ ਘਰ ਵਿਚ ਨਹੀਂ ਮੰਨੀ ਗਈ। ਗੁਰੂ ਬਾਬੇ ਨੇ ਆਪ ਕਿਹਾ ਹੈ ਕਿ ਮਾੜੇ ਗੁਣ ਤੇ ਭੈੜੇ ਲੱਛਣ ਕਲਿਜੁਗ ਹਨ, ਹੋਰ ਕਲਿਜੁਗ ਕੋਈ ਮੂਰਤੀ ਯਾ ਵਜੂਦ ਨਹੀਂ ਜੋ ਕਿਸੇ ਪਾਸ ਆਕੇ ਬੈਠਾ ਯਾ ਕਿਸੇ ਤੀਰਥ ਤੇ ਵਸਦਾ ਕਿਸੇ ਨੇ ਸੁਣਿਆ ਯਾ ਡਿੱਠਾ ਹੋਵੇ, ਜਿਹਾ ਕੁ ਰਾਮਕਲੀ ਮ.1 ਅਸਟਪਦੀਆ 'ਸੋਈ ਚੰਦੁ ਚੜਹਿ ਸੇ ਤਾਰੇ' ਵਿਚ ਆਪ ਨੇ ਦੱਸਿਆ ਹੈ, ਕਿ ਉਹੋ ਚੰਦ ਤਾਰੇ ਸੂਰਜ ਚੜ੍ਹਦੇ ਹਨ, ਕਲਿਜੁਗ ਵੱਖਰਾ ਕਿਵੇਂ ਆਯਾ ਹੈ? ਕਿਸੇ ਦੇਸ਼ ਆਯਾ ਹੈ? ਕਿਸ ਤੀਰਥ ਤੇ ਵੱਸਦਾ, ਕਿਤੇ ਮਹਿਲ ਉਸਾਰਕੇ ਬੈਠਾ ਨਹੀਂ ਡਿੱਠਾ ਸੁਣਿਆ। 'ਕਲਿ ਲਖਣ ਵੀਚਾਰਿ' ਕਲਿਜੁਗ ਲੱਛਣਾ ਦਾ ਨਾਮ ਹੈ, ਸੋ ਕੀ ਹਨ:- ਪਰਮੇਸ਼ੁਰ ਦਾ ਨਾਮ ਲੈਣ ਵਾਲੇ ਦੀ ਬਦਨਾਮੀ, ਸੱਚ ਵਾਲੇ ਦੀ ਹਾਨੀ, ਤਪ ਵਾਲੇ ਦਾ ਤਪ ਛਿੱਜਣਾ, ਆਦਿ, 'ਆਖੁ ਗੁਣਾ ਕਲਿ ਆਈਐ' ਗੁਣਾਂ ਕਰਕੇ ਕਲਿਜੁਗ ਆਇਆ ਪਛਾਣੀਦਾ ਹੈ।

ਕਲਿਜੁਗ ਜਿਵੇਂ ਸਤਿਗੁਰਾਂ ਨੂੰ ਪਰਤਾਣ ਆਇਆ ਸੋ ਸਾਖੀ ਇਸ ਪ੍ਰਕਾਰ ਪੁਰਾਤਨ ਜਨਮ ਸਾਖੀ ਵਿਚ ਲਿਖੀ ਹੈ:-

ਕਲਿਜੁਗ ਦੀ ਸਾਖੀ

ਤਬਿ ਬਾਬਾ ਓਥਹੁ ਰਵਦਾ ਰਹਿਆ। ਜਾਂਦਾ ਜਾਂਦਾ ਉਦਿਆਨ ਵਿਚ ਗਇਆ, ਜਾਇ ਬੈਠਾ। ਤਬ ਪਰਮੇਸ਼ੁਰ ਕੀ ਆਗਿਆ ਨਾਲਿ ਕਲਿਜੁਗ ਛਲਣਿ ਕਉ ਆਇਆ। ਆਣਿ ਰੂਪੁ ਧਾਰਿਓਸੁ, ਤਬਿ ਬਾਬਾ ਦੇਖੈ ਤਾਂ ਅੰਧੇਰੀ ਬਹੁਤ ਆਈ, ਦਰਖਤ ਲਗੇ ਉਡਣਿ। ਤਬਿ ਮਰਦਾਨਾ ਬਹੁਤ ਭੈਮਾਨ ਹੋਇਆ, ਆਖਿਓਸੁ 'ਜੀਉ ਪਾਤਸਾਹੁ, ਆਣ ਉਜਾੜ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬਿ ਗੁਰੂ ਬਾਬੇ ਕਹਿਆ; 'ਮਰਦਾਨਿਆਂ ਕਾਹਲਾ ਹੋਹੁ ਨਾਂਹੀ'। ਤਬਿ ਮਰਦਾਨੇ ਆਖਿਆ, 'ਅੱਜ ਤੋੜੀ ਏਡਾ ਹੋਆ ਹਾਂ, ਇਹ ਬਲਾ ਤਾਂ ਨਾਹੀ ਡਿੱਠੀ, ਜੁ ਏਹੁ ਕਿ ਆਇਆ ਹੈ ਅਸਾਡੇ ਜੀਅੜੇ ਤਾਂਈਂ?' ਤਬਿ ਅਗਨਿ ਕਾ ਰੂਪੁ ਦਿਖਾਇਆ ਜੋ ਧੂੰਆਂ ਚਉਹਾਂ ਧਿਰਾਂ ਤੋਂ ਉਠਿਆ, ਚਾਰੇ ਕੁੰਡਾਂ ਅਗਨਿ ਹੋਈਆਂ। ਤਬਿ ਮਰਦਾਨਾ ਮੂੰਹ ਢਕ ਕੇ ਪੈ ਰਹਿਆ। ਆਖਿਓਸੁ, 'ਜੀਵਣਾ ਰਹਿਆ।' ਤਬਿ ਫੇਰ ਪਾਣੀ ਕਾ ਰੂਪ ਹੋਆ, ਘਟਾ ਬੰਨ੍ਹਿ ਆਇਆ, ਲਗਾ ਬਰਸਣ ਪਾਣੀ। ਪਰੁ ਬਾਬੇ ਤੇ ਦੂਰ ਪਵੈ। ਤਬਿ ਗੁਰੂ ਕਹਿਆ, 'ਮਰਦਾਨਿਆ, ਮੂੰਹ ਉਘਾੜ; ਉਠ ਬੈਠ, ਰਬਾਬ ਵਜਾਇ।' ਤਬਿ ਮਰਦਾਨਾ ਉਠ ਬੈਠਾ; ਰਬਾਬ ਵਜਾਇਓਸੁ। ਰਾਗੁ ਮਾਰੂ ਕੀਤਾ, ਬਾਬੇ ਸ਼ਬਦੁ ਉਠਾਇਆ:-

ਮਾਰੂ ਮਹਲਾ ੫ ਘਰੁ ੨
੧ੴ ਸਤਿਗੁਰ ਪ੍ਰਸਾਦਿ॥
ਡਰਪੈ ਧਰਤਿ ਅਕਾਸ ਨਖੵਤ੍ਰਾ
ਸਿਰ ਊਪਰਿ ਅਮਰੁ ਕਰਾਰਾ॥
ਪਉਣੁ ਪਾਣੀ ਬੈਸੰਤਰੁ ਡਰਪੈ
ਡਰਪੈ ਇੰਦ੍ਰੁ ਬਿਚਾਰਾ॥੧॥
ਏਕਾ ਨਿਰਭਉ ਬਾਤ ਸੁਨੀ॥
ਸੋ ਸੁਖੀਆ ਸੋ ਸਦਾ ਸੁਹੇਲਾ
ਜੋ ਗੁਰ ਮਿਲਿ ਗਾਇ ਗੁਨੀ॥੧॥ਰਹਾਉ॥

ਦੇਹਧਾਰ ਅਰੁ ਦੇਵਾ ਡਰਪਹਿ
ਸਿਧ ਸਾਧਿਕ ਡਰਿ ਮੁਇਆ॥
ਲਖ ਚਉਰਾਸੀਹ ਮਰਿ ਮਰਿ ਜਨਮੇ
ਫਿਰਿ ਫਿਰਿ ਜੋਨੀ ਜੋਇਆ॥੨॥
ਰਾਜਸੁ ਸਾਤਕੁ ਤਾਮਸੁ ਡਰਪਹਿ
ਕੇਤੇ ਰੂਪ ਉਪਾਇਆ॥
ਛਲ ਬਪੁਰੀ ਇਹ ਕਉਲਾ ਡਰਪੈ
ਅਤਿ ਡਰਪੈ ਧਰਮ ਰਾਇਆ॥੩॥
ਸਗਲ ਸਮਗ੍ਰੀ ਡਰਹਿ ਬਿਆਪੀ
ਬਿਨੁ ਡਰ ਕਰਣੈਹਾਰਾ॥
ਕਹੁ ਨਾਨਕ ਭਗਤਨ ਕਾ ਸੰਗੀ
ਭਗਤਿ ਸੋਹਹਿ ਦਰਬਾਰਾ॥੪॥੧॥
(ਪੰਨਾ ੯੯੮-੯੯)

ਤਬਿ ਦੈਤ ਕਾ ਰੂਪ ਧਾਰਿ ਆਇਆ। ਚੋਟੀ ਅਸਮਾਨ ਨਾਲਿ ਕੀਤੀਆਸ। ਜਿਉਂ ਜਿਉਂ ਨੇੜੈ ਆਵੈ, ਤਿਉਂ ਤਿਉਂ ਘਟਦਾ ਜਾਵੈ॥ ਤਬਿ ਮਨੁੱਖ ਦਾ ਸਰੂਪ ਕਰਿਕੈ ਆਇਆ। ਹਥਿ ਜੋੜਿ ਕਰਿ ਖੜਾ ਹੋਆ। ਤਬਿ ਬਾਬੇ ਪੁੱਛਿਆ "ਭਾਈ ਤੂੰ ਕੌਣ ਹੈਂ?" ਤਬਿ ਉਨ ਆਖਿਆ, 'ਜੀ ਮੈਨੂੰ ਤੂੰ ਨਾਹੀ ਜਾਣਦਾ? ਮੈਂ ਕਲਿਜੁਗ ਹਾਂ, ਅਰ ਤੇਰੇ ਮਿਲਨੇ ਨੂੰ ਆਇਆ ਹਾਂ, ਤੂੰ ਕਰਤੇ ਪੁਰਖ ਕਾ ਵਜ਼ੀਰ ਹੈਂ', ਤਬਿ ਬਾਬੇ ਨੂੰ ਨਮਸਕਾਰ ਕੀਤੀ। ਆਖਿਓਸੁ: 'ਜੀ ਕਿਛੁ ਮੈਂ ਤੇ ਲੇਵਹੁ, ਮੇਰੈ ਵਚਨਿ ਚਲੁ। ਤਬਿ ਗੁਰੂ ਬਾਬੇ ਪੁਛਿਆ, 'ਤੈਂ ਪਾਸ ਕਿਆ ਹੈ?' ਤਾਂ ਕਲਿਜੁਗ ਆਖਿਆ, 'ਮੇਰੇ ਪਾਸ ਸਭੁ ਕਿਛੁ ਹੈ; ਜੇ ਆਖਹੁ ਤਾਂ ਮੋਤੀਆਂ ਦੇ ਮੰਦਰਿ ਉਸਰਹਿੰ, ਅਤੇ ਰਤਨਾਂ ਕਾ, ਲਾਲਾਂ ਦਾ ਜੜਾਉ ਕਰਾਂ, ਅਗਰ ਚੰਦਨ ਕਾ ਲੇਪੁ ਦੇਵਾਂ'। ਤਬਿ ਗੁਰੂ ਬਾਬਾ ਬੋਲਿਆ ਸਬਦੁ ਰਾਗੁ ਸ੍ਰੀ ਰਾਗੁ ਵਿਚ:-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥

ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ਰਹਾਉ॥

ਤਬਿ ਫਿਰਿ ਕਲਿਜੁਗ ਆਖਿਆ; 'ਜੋ ਜੀ ਜਵੇਹਰਾਂ ਦੀ ਧਰਤੀ ਕਰਾਂ, ਅਰ ਲਾਲਾਂ ਦਾ ਜੜਾਉ ਕਰਹਾਂ, ਇੰਦਰ ਦੀਆਂ ਮੋਹਣੀਆਂ ਲਿਆਵਾਂ।' ਤਬਿ ਗੁਰੂ ਪਉੜੀ ਦੂਜੀ ਆਖੀ:-

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੨॥

ਤਬਿ ਕਲਿਜੁਗ ਕਹਿਆ, 'ਜੋ ਜੀ ਇਹ ਭੀ ਨਾਹੀ ਲੈਂਦਾ ਤਾਂ ਸਿਧ ਲੈ ਜੋ ਰਿਧਿ ਆਵੈ, ਅਤੇ ਗੁਪਤ ਧਰਤੀ ਵਿਚ ਚਲੁ, ਅਰ ਹਜ਼ਾਰ ਕੋਹਾਂ ਜਾਇ ਪ੍ਰਗਟਿ ਹੋਇ। ਤਬ ਗੁਰੂ ਪਉੜੀ ਤੀਜੀ ਆਖੀ-

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥

ਤਬਿ ਕਲਿਜੁਗ ਆਖਿਆ, 'ਕੁਛ ਲੇਵਹੁ, ਸੁਲਤਾਨ ਹੋਵਹੁ, ਰਾਜ ਕਰਹੁ।' ਤਬਿ ਗੁਰੂ ਚਉਥੀ ਪਉੜੀ ਕਹੀ :-

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥੧॥
(ਪੰਨਾ ੧੪)

ਤਬਿ ਕਲਜੁਗ ਪਰਦੱਖਣਾ ਕੀਤੀ, ਆਇ ਪੈਰੀ ਪਇਆ। ਆਖਿਓਸੁ, 'ਜੀ ਮੇਰੀ ਗਤਿ ਕਿਉਂ ਕਰਿ ਹੋਵੈ?' ਤਬਿ ਗੁਰੂ ਨਾਨਕ ਆਖਿਆ, 'ਮੇਰਾ ਸਿਖ ਕੋਟ ਮਧੇ ਕੋਈ ਹੋਵੇਗਾ, ਤਿਸਕਾ ਸਦਕਾ ਤੇਰੀ ਗਤਿ ਹੋਵੇਗੀ।'

ਤਬਿ ਕਲਿਜੁਗ ਪੈਰੀ ਪਇਆ। ਬਾਬੇ ਵਿਦਾ ਕੀਤਾ। ਬੋਲਹੁ ਵਾਹਿਗੁਰੂ।

